# ਸਰਕਾਰੀ ਬ੍ਰਿਜਿੰਦਰਾ ਕਾਲਜ

ਸਥਾਪਨਾ- 1942

## ਫਰੀਦਕੋਟ ਫੋਨ: 01639-250753

ਨੈਕ ਐਕਰੇਡਿਟਡ 'ਏ ਗਰੇਡ'



# ਸਲਾਨਾ ਰਿਪੋਰਟ 2018-19



**ਸ. ਤੇਜਿੰਦਰ ਸਿੰਘ ਮੌੜ**

ਏ ਆਈ ਜੀ , ਪੰਜਾਬ ਪੁਲਿਸ

ਬਠਿੰਡਾ ਜੋਨ

**ਮੁੱਖ ਮਹਿਮਾਨ**



**ਸ. ਸਤਨਾਮ ਸਿੰਘ** ਪੀ ਈ ਐਸ -1

ਪ੍ਰਿੰਸੀਪਲ,

ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ।

# ਸਲਾਨਾ ਰਿਪੋਰਟ 2018-19

ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਆਕਰਸ਼ਕ ਵਿਹੜੇ ਵਿੱਚ ਸਾਡੇ ਸਨਿਮਰ ਸੱਦੇ ਤੇ ਮੇਰੇ ਬਹੁਤ ਹੀ ਸਤਿਕਾਰਤ ਸ. ਤੇਜਿੰਦਰ ਸਿੰਘ ਮੌੜ (AIG, STF, Punjab Police), ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਸਾਬਕਾ ਪ੍ਰਿੰਸੀਪਲਜ਼, ਸਾਬਕਾ ਅਤੇ ਮੌਜੂਦਾ ਪ੍ਰੋਫੈਸਰ ਸਾਹਿਬਾਨ, ਸਮਾਜਕ, ਸੱਭਿਆਚਾਰਕ ਅਤੇ ਅਕਾਦਮਿਕ ਖੇਤਰ ਵਿੱਚ ਫਰੀਦਕੋਟ ਦੀ ਪ੍ਰਤੀਨਿਧਤਾ ਕਰਨ ਵਾਲੇ ਇਲਾਕਾ ਨਿਵਾਸੀਓ ! ਕਾਲਜ ਨਾਲ ਸੰਬੰਧਿਤ ਵੀਰੋ, ਭੈਣੋ ਅਤੇ ਭਰਾਓ। ਸਭ ਤੋਂ ਪਹਿਲਾਂ ਮਾਲਵਾ ਖੇਤਰ ਦੀ ਇਸ ਇਤਿਹਾਸ-ਸਿਰਜਕ ਸਿਰਮੌਰ ਸੰਸਥਾ ਵਿਖੇ ਸਾਡੇ ਸੱਦੇ ਬੁਲਾਵੇ ਤੇ ਤਸ਼ਰੀਫ ਲਿਆਉਣ ਲਈ ਮੈਂ ਆਪ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ। ਇਸ ਸੰਸਥਾ ਵਿਖੇ ਅੱਜ ਦੇ ਸ਼ੁਭ ਦਿਨ ਸਾਡੇ ਵਿਚ ਸਤਿਕਾਰਤ ਸ. ਤੇਜਿੰਦਰ ਸਿੰਘ ਮੌੜ (AIG, STF, Punjab Police) ਜੀ ਪਹੁੰਚੇ ਹਨ, ਜੋ ਕਿ ਬਹੁਤ ਹੀ ਵਧੀਆ, ਨੇਕ ਦਿਲ, ਇਨਸਾਫ ਪਸੰਦ ਇਨਸਾਨ ਅਤੇ ਇੱਕ ਚੰਗੇ ਸਮਾਜ ਸੇਵੀ ਹਨ। ਸ. ਤੇਜਿੰਦਰ ਸਿੰਘ ਮੌੜ ਬਾਬਾ ਫ਼ਰੀਦ ਹਾਕੀ ਕਲੱਬ ਦੇ ਪ੍ਰਧਾਨ ਅਤੇ ਓਲਡ ਸਟੂਡੈਂਟਸ ਐਸੋਸੀਏਸ਼ਨ ਸਰਕਾਰੀ ਬ੍ਰਿਜਿੰਦਰਾ ਕਾਲਜ ਦੀ ਪ੍ਰਧਾਨਗੀ ਤੇ ਤਾਇਨਾਤ ਹਨ।

ਸੁਭਾਅ ਦੀ ਮਿਠਾਸ ਅਤੇ ਲੋਕਾਂ ਨਾਲ ਸੁਹਿਰਦ ਵਿਵਹਾਰ ਇਨ੍ਹਾਂ ਦੀ ਜੀਵਨ-ਸ਼ੈਲੀ ਦੇ ਪ੍ਰਮੁੱਖ ਗੁਣ ਹਨ ਜੋ ਹਰੇਕ ਵਿਅਕਤੀ ਵਿੱਚ ਵਿਦਮਾਨ ਨਹੀਂ ਹੁੰਦੇ। ਇਸ ਸ਼ਖਸੀਅਤ ਦੇ ਬ੍ਰਿਜਿੰਦਰਾ ਕਾਲਜ ਵਿਖੇ ਪਧਾਰਨ ਨਾਲ ਕਾਲਜ ਦੇ ਮਾਣ-ਸਨਮਾਨ ਵਿੱਚ ਵਾਧਾ ਹੋਇਆ ਹੈ। ਮੁੱਖ ਮਹਿਮਾਨ ਜੀ ਦੇ ਨਾਲ-ਨਾਲ ਸਾਡੇ ਬੁਲਾਵੇ ਤੇ ਪਹੁੰਚਿਆ ਹਰੇਕ ਮਹਿਮਾਨ ਸਾਡੇ ਪਿਆਰ ਅਤੇ ਸਤਿਕਾਰ ਦਾ ਪਾਤਰ ਹੈ।

ਮਾਨਯੋਗ ਮੁੱਖ ਮਹਿਮਾਨ ਜੀਓ, ਮਾਲਵੇ ਦੇ ਇਸ ਖੇਤਰ ਵਿੱਚ ਕਾਲਜ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਹਨ ਜਿਸ ਕਾਰਣ ਦੇਸ਼ ਦੇ ਵਿਦਿਅਕ ਅਦਾਰਿਆਂ ਵਿੱਚ ਬ੍ਰਿਜਿੰਦਰਾ ਕਾਲਜ ਫਰੀਦਕੋਟ ਦੀ ਨਿਵੇਕਲੀ ਥਾਂ ਬਣ ਚੁੱਕੀ ਹੈ। National Assessment and Accreditation Council, Bangalore ਵੱਲੋਂ ਬ੍ਰਿਜਿੰਦਰਾ ਕਾਲਜ ਨੂੰ ਲਗਾਤਾਰ ਦੂਸਰੀ ਵਾਰ 'ਏ' ਗਰੇਡ ਨਾਲ ਨਿਵਾਜਿਆ ਗਿਆ ਹੈ ਜੋ ਕਿ ਮਾਲਵੇ ਇਲਾਕੇ ਲਈ ਬਹੁਤ ਹੀ ਮਾਣ ਦੀ ਗੱਲ ਹੈ ਅਤੇ ਕਾਲਜ ਨੂੰ ਦੋਬਾਰਾ 'ਏ' ਗਰੇਡ ਮਿਲਣ 'ਤੇ ਮਾਲਵਾ ਇਲਾਕਾ ਨਿਵਾਸੀ, ਫਰੀਦਕੋਟ ਵਾਸੀ, ਕਾਲਜ ਦੇ ਸਮੂਹ ਵਿਦਿਆਰਥੀ ਅਤੇ ਕਾਲਜ ਦਾ ਮਿਹਨਤੀ ਸਟਾਫ਼ ਸਭ ਵਧਾਈ ਦੇ ਪਾਤਰ ਹਨ।

ਮੁੱਖ ਮਹਿਮਾਨ ਜੀਓ ! ਸੈਸ਼ਨ: 2018-19 ਵਿੱਚ ਅਸੀਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਕਾਲਜ ਨੂੰ ਬੁਲੰਦੀਆਂ ਤੇ ਲਿਜਾਣ ਵਿਚ ਸੁਯੋਗ ਸਟਾਫ਼ ਮੇਰੀ ਸੋਚ ਤੇ ਖਰਾ ਉਤਰਿਆ ਹੈ, ਮੈਨੂੰ ਅਜਿਹੀ ਉੱਚਤਮ ਸੰਸਥਾ ਦਾ ਬਤੌਰ ਪ੍ਰਿੰਸੀਪਲ ਸੇਵਾ ਕਰਕੇ ਅਤਿਅੰਤ ਖੁਸ਼ੀ ਹੋ ਰਹੀ ਹੈ ਅਤੇ ਮੇਰੀ ਸੁਹਿਰਦ ਕੋਸ਼ਿਸ਼ ਹੈ ਕਿ ਮੈਂ ਕਾਲਜ ਦਾ ਮਾਣ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਰਹਾਂ। ਹੁਣ ਮੈਂ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਵਿਭਿੰਨ ਸ਼ਲਾਘਾਯੋਗ ਪ੍ਰਾਪਤੀਆਂ ਦੀ ਸੰਖਿਪਤ ਰਿਪੋਰਟ ਆਪ ਜੀ ਦੇ ਸਾਹਮਣੇ ਪ੍ਰਸਤੁਤ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

## 1. ਅਕਾਦਮਿਕ ਖੇਤਰ :

### (ੳ) ਯੂਨੀਵਰਸਿਟੀ ਪੱਧਰ ਤੇ ਪੁਜੀਸ਼ਨਾਂ-

- ਵਿਸ਼ਾਲੀ ਗੁਪਤਾ ਬੀ.ਐਸ.ਸੀ.-3 (ਮੈਥ) ਦੀ ਵਿਦਿਆਰਥਣ ਨੇ ਛੇ ਸਮੈਸਟਰਾਂ ਵਿੱਚ ਯੂਨੀਵਰਸਿਟੀ ਪੱਧਰ ਤੇ ਮੈਥ ਵਿਸ਼ੇ ਵਿੱਚੋਂ 93.11% ਅੰਕ ਲੈ ਕੇ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਵਿੱਚੋਂ ਜਸ਼ਨਪ੍ਰੀਤ ਕੌਰ ਨੇ 86.22% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਖੇਤੀਬਾੜੀ) ਸਮੈਸਟਰ-4 ਦੀ ਵਿਦਿਆਰਥਣ ਅਪਨਜੋਤ ਕੌਰ ਸਿੱਧੂ ਨੇ 87.55% ਅੰਕ ਪ੍ਰਾਪਤ ਕਰਕੇ

ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

- ਬੀ.ਐਸ.ਸੀ.-1 (ਖੇਤੀਬਾੜੀ) ਸਮੈਸਟਰ-2 ਦੀ ਵਿਦਿਆਰਥਣ ਪੱਲਵੀ ਨੇ 84.72% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਦੇ ਵਿਦਿਆਰਥੀ ਮਨਪ੍ਰੀਤ ਸਿੰਘ ਨੇ 85.45 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-1 (ਖੇਤੀਬਾੜੀ) ਸਮੈਸਟਰ-2 ਦੇ ਵਿਦਿਆਰਥੀ ਮੰਕਲ ਨੇ 84.32% ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਖੇਤੀਬਾੜੀ) ਸਮੈਸਟਰ-4 ਦੀ ਵਿਦਿਆਰਥਣ ਕਰਨਪ੍ਰੀਤ ਕੌਰ ਨੇ 84.41% ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਦੀ ਵਿਦਿਆਰਥਣ ਸ੍ਰਿਸ਼ਟੀ ਜੈਨ ਨੇ 87.79 ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਦੀ ਵਿਦਿਆਰਥਣ ਗਨੀਮਤ ਬਰਾੜ ਨੇ 84.08% ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਖੇਤੀਬਾੜੀ) ਸਮੈਸਟਰ-4 ਦੇ ਵਿਦਿਆਰਥੀ ਰਵਿੰਦਰ ਸਿੰਘ ਨੇ 84.00% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-1 (ਖੇਤੀਬਾੜੀ) ਸਮੈਸਟਰ-2 ਦੀ ਵਿਦਿਆਰਥਣ ਹਰਪ੍ਰੀਤ ਕੌਰ ਨੇ 82.24% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ ਪ੍ਰਾਪਤ ਕੀਤਾ।

(ਅ) ਕਾਲਜ ਪੱਧਰ ਤੇ ਪੁਜੀਸ਼ਨਾਂ-

- ਐਮ.ਏ.-2 (ਪੰਜਾਬੀ) ਸਮੈਸਟਰ-4 ਦੀ ਵਿਦਿਆਰਥਣ ਸੁਖਦੀਪ ਕੌਰ ਨੇ (ਐਸ.ਜੀ.ਪੀ.ਏ.) 7.8 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਅਮਨਦੀਪ ਕੌਰ ਨੇ 7.6 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਇਕਨਾਮਿਕਸ) ਸਮੈਸਟਰ-4 ਦੇ ਵਿਦਿਆਰਥੀ ਗਗਨ ਕੁਮਾਰ ਨੇ (ਐਸ.ਜੀ.ਪੀ.ਏ.) 8.2 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਕਨਿਕਾ ਬਜਾਜ ਨੇ 8.0 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਅੰਗਰੇਜ਼ੀ) ਸਮੈਸਟਰ-4 ਦੀ ਵਿਦਿਆਰਥਣ ਨਵਦੀਪ ਕੌਰ ਨੇ 6.75% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਜਸਕਮਲ ਸਿੰਘ ਨੇ 6.5% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.-2 (ਕਮਿਸਟਰੀ) ਸਮੈਸਟਰ-4 ਦੀ ਵਿਦਿਆਰਥਣ ਕਮਾਕਸ਼ੀ ਨੇ (ਸੀ.ਜੀ.ਪੀ.ਏ.) 8.55 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਆਸ਼ਾ ਰਾਣੀ ਨੇ 8.52 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਕਾਮ.-3 (ਸਮੈਸਟਰ-6) ਦੀ ਵਿਦਿਆਰਥਣ ਰੀਤਿਕਾ ਨੇ 89.00% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਪ੍ਰਿਆ ਸੋਨੀ ਨੇ 87.40% ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਮੈਡੀਕਲ) ਸਮੈਸਟਰ-6 ਦੀ ਵਿਦਿਆਰਥਣ ਸ੍ਰਿਸ਼ਟੀ ਜੈਨ ਨੇ 87.77% ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਹਰਮਨਪ੍ਰੀਤ ਕੌਰ ਨੇ 86.66% ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਨਾਨ-ਮੈਡੀਕਲ) ਸਮੈਸਟਰ-6 ਦੀ ਵਿਦਿਆਰਥਣ ਮਾਨਸੀ ਜਿੰਦਲ ਨੇ 91.81% ਅੰਕਾਂ ਨਾਲ ਕਾਲਜ

ਵਿੱਚੋਂ ਪਹਿਲਾ ਸਥਾਨ ਅਤੇ ਈਸ਼ਾ ਨੇ 87.09% ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।

ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਦੀ ਵਿਦਿਆਰਥਣ ਜਸ਼ਨ ਨੇ 85.5% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅਮਨਜੋਤ ਕੌਰ, ਹਰਪ੍ਰੀਤ ਸਿੰਘ ਅਤੇ ਰਵਿੰਦਰ ਨੇ 84.33% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

ਬੀ.ਏ.-3 (ਸਮੈਸਟਰ-6) ਦੀ ਵਿਦਿਆਰਥਣ ਕਵਿਤਾ ਰਾਣੀ ਨੇ 76.36% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਗੁਰਪ੍ਰੀਤ ਕੌਰ ਨੇ 75.00% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

ਬੀ.ਸੀ.ਏ.-2 (ਸਮੈਸਟਰ-3) ਦੀ ਵਿਦਿਆਰਥਣ ਸਿਮਰਨ ਕੌਰ ਨੇ 65.42% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰਿਸ਼ਵ ਬਜਾਜ ਨੇ 65.00% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

## ਖੇਡਾਂ ਦਾ ਖੇਤਰ :

ਬ੍ਰਿਜਿੰਦਰਾ ਕਾਲਜ ਕਈ ਦਹਾਕਿਆਂ ਤੋਂ ਖਿਡਾਰੀਆਂ ਅਤੇ ਐਥਲੈਟਿਕਸ ਲਈ ਨਰਸਰੀ ਦਾ ਕੰਮ ਕਰ ਰਿਹਾ ਹੈ ਅਤੇ ਕਾਲਜ ਦੀਆਂ ਟੀਮਾਂ ਨੇ ਅੰਤਰ ਕਾਲਜ, ਅੰਤਰ ਯੂਨੀਵਰਸਿਟੀ ਅਤੇ ਸਰਬ ਭਾਰਤੀ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਸਾਲ ਵੀ ਬ੍ਰਿਜਿੰਦਰਾ ਕਾਲਜ ਨੇ ਖੇਡਾਂ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

ਕ੍ਰਿਕਟ (ਲੜਕੀਆਂ) :

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕ੍ਰਿਕਟ (ਲੜਕੀਆਂ) ਦੇ ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਕਾਲਜ ਟੀਮ ਦੀਆਂ ਚਾਰ ਖਿਡਾਰਣਾਂ- ਕਿਰਨ ਕੁਮਾਰੀ, ਮਨਦੀਪ ਕੌਰ, ਸਿਮਰਨਜੀਤ ਕੌਰ, ਕਿਰਨਦੀਪ ਕੌਰ ਨੇ ਉੱਤਰੀ ਖੇਤਰੀ ਯੂਨੀਵਰਸਿਟੀ ਪੱਧਰ ਦੇ ਮੁਕਾਬਲੇ ਵਿੱਚ ਭਾਗ ਲਿਆ।

ਐਥਲੈਟਿਕਸ (ਲੜਕੇ/ਲੜਕੀਆਂ) :

ਅਨਮੋਲ ਸਿੰਘ ਨੇ 'ਖੇਲੋ ਇੰਡੀਆ ਮੁਕਾਬਲੇ' ਵਿੱਚ 400 ਮੀਟਰ ਫਲੈਟ ਵਿੱਚ ਦੂਸਰਾ ਸਥਾਨ ਕੀਤਾ। ਐਥਲੈਟਿਕਸ ਪੈਰਾ ਗੇਮਜ਼- ਜਸਪ੍ਰੀਤ ਸਿੰਘ (ਬੀ.ਕਾਮ.-3) ਨੇ ਪੈਰਾ ਗੇਮਜ਼ ਦੇ ਲੰਮੀ ਛਾਲ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਨੈਸ਼ਨਲ ਪੈਰਾ ਗੇਮਜ਼, ਜੋ ਕਿ ਤਾਮਿਲਨਾਡੂ ਵਿਖੇ ਹੋ ਰਹੀਆਂ ਹਨ, ਲਈ ਚੁਣਿਆਂ ਗਿਆ ਹੈ।

ਤੈਰਾਕੀ (ਲੜਕੇ/ਲੜਕੀਆਂ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਤੈਰਾਕੀ ਮੁਕਾਬਲੇ ਵਿੱਚ ਜਯੋਤੀ ਮਿੱਤਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਹੈਂਡਬਾਲ (ਲੜਕੇ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਹੈਂਡਬਾਲ (ਲੜਕੇ) ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਹਰਸਪ੍ਰੀਤ ਸਿੰਘ, ਬਲਰਾਮ ਸਿੰਘ, ਕੋਮਲਪ੍ਰੀਤ ਸਿੰਘ, ਤਰੁਣਵੀਰ ਸਿੰਘ, ਸੁਖਜੀਤ ਸਿੰਘ ਨੇ ਸਰਵ ਭਾਰਤੀ ਅੰਤਰ ਯੂਨੀਵਰਸਿਟੀ ਪੱਧਰ ਦੇ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਕੁਸ਼ਤੀ (ਲੜਕੇ) ਗਰੀਕੋ ਰੋਮਨ ਸਟਾਈਲ : ਕਾਲਜ ਦੀ ਕੁਸ਼ਤੀ ਟੀਮ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਟੀਮ ਦੇ ਖਿਡਾਰੀ -ਜਸਮਨਜੋਤ ਸਿੰਘ, ਸੁਖਮਨਪ੍ਰੀਤ ਸਿੰਘ, ਨਰੇਸ਼ ਕੁਮਾਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਅੰਤਰ ਕਾਲਜ ਮੁਕਾਬਲੇ ਵਿੱਚ ਖਿਡਾਰੀਆਂ ਗੁਰਲਾਲ ਸਿੰਘ, ਕਮਲਜੀਤ ਸਿੰਘ, ਨਵਦੀਪ ਸਿੰਘ, ਲਵਦੀਪ ਕੁਮਾਰ, ਜੈ ਪ੍ਰਕਾਸ਼ ਸ਼ੁਕਲਾ ਨੇ ਦੂਜਾ ਸਥਾਨ ਅਤੇ ਸਿਮਰਨਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਕੁਸ਼ਤੀ ਫਰੀ ਸਟਾਈਲ (ਲੜਕੀਆਂ) : ਕਾਲਜ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਮੁਕਾਬਲੇ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਖਿਡਾਰਣਾਂ- ਮਨਪ੍ਰੀਤ ਕੌਰ ਅਤੇ ਗੁਰਸ਼ਰਨ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਤਰ ਕਾਲਜ ਮੁਕਾਬਲੇ ਵਿੱਚ ਰਮਨਦੀਪ ਕੌਰ ਨੇ ਦੂਸਰਾ ਅਤੇ ਗਗਨਦੀਪ ਕੌਰ, ਨਵਦੀਪ ਕੌਰ, ਤਰਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਤਾਈਕਵਾਂਡੋ : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਤਾਈਕਵਾਂਡੋ ਮੁਕਾਬਲੇ ਵਿੱਚ ਕਾਲਜ ਟੀਮ ਦੇ ਖਿਡਾਰੀਆਂ- ਨਿਤਿਸ਼ ਕੁਮਾਰ, ਸੰਦੀਪ ਕੌਰ ਨੇ ਦੂਜਾ ਸਥਾਨ ਅਤੇ ਆਜ਼ਾਦ ਸਿੰਘ ਰਾਵਤ, ਅਲਕਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਖਿਡਾਰੀ ਨਿਤਿਸ਼ ਕੁਮਾਰ, ਆਲ ਇੰਡੀਆ ਅੰਤਰ ਯੂਨੀਵਰਸਿਟੀ ਕੈਂਪ ਅਤੇ ਯੂਨੀਵਰਸਿਟੀ ਟੀਮ ਲਈ ਚੁਣਿਆਂ ਗਿਆ ਹੈ।

ਕੁਐਨ-ਕੀ-ਡੋ : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਖਿਡਾਰਣਾਂ- ਸੰਦੀਪ ਕੌਰ ਨੇ ਪਹਿਲਾ ਸਥਾਨ, ਮਨਪ੍ਰੀਤ ਕੌਰ, ਵੀਨਾ ਅਤੇ ਅਲਕਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਇਹ ਖਿਡਾਰਣਾਂ ਆਲ ਇੰਡੀਆ ਅੰਤਰ ਯੂਨੀਵਰਸਿਟੀ ਕੈਂਪ ਅਤੇ ਯੂਨੀਵਰਸਿਟੀ ਟੀਮ ਲਈ ਚੁਣੀਆਂ ਗਈਆਂ ਹਨ।

ਰਗਬੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਤਰ ਕਾਲਜ ਰਗਬੀ ਮੁਕਾਬਲੇ (ਲੜਕੇ) ਵਿੱਚ ਕਾਲਜ ਦੀ ਟੀਮ ਨੇ ਭਾਗ ਲਿਆ।

ਕਬੱਡੀ (ਲੜਕੀਆਂ) ਨੈਸ਼ਨਲ ਸਟਾਈਲ : ਕਾਲਜ ਦੀ ਕਬੱਡੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕਬੱਡੀ (ਮਹਿਲਾ) ਮੁਕਾਬਲਿਆ ਵਿੱਚ ਭਾਗ ਲਿਆ। ਕੁਲਵੀਰ ਕੌਰ, ਸਿਮਰਨਜੀਤ ਕੌਰ ਨੇ 'ਖੇਲੋ ਇੰਡੀਆ' ਰਾਸ਼ਟਰੀ ਖੇਡ ਮੁਕਾਬਲਿਆ ਵਿੱਚ ਭਾਗ ਲਿਆ।

...ਵਾਂ ਵਾਰਸ਼ਿਕ ਖੇਡ ਸਮਾਰੋਹ 22-23 ਫਰਵਰੀ, 2019 ਨੂੰ ਨਹਿਰੂ ਸਟੇਡੀਅਮ, ਫਰੀਦਕੋਟ ਵਿਖੇ ਕਰਵਾਇਆ ਗਿਆ। ਜੋ ਕਿ ਪੁਲਵਾਮਾ (ਜੰਮੂ ਕਸ਼ਮੀਰ) 'ਚ ਸ਼ਹੀਦ ਹੋਏ ਕੌਮ ਦੇ ਨੌਜਵਾਨਾਂ ਨੂੰ ਸਮਰਪਿਤ ਕੀਤਾ ਗਿਆ।

31 ਮਾਰਚ 2019 ਨੂੰ ਪੰਜਾਬ ਖੇਡ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਫ਼ਰੀਦਕੋਟ ਵੱਲੋਂ ਕਰਵਾਏ ਵੋਟਰ ਅਵੇਰਨੈਸ ਮੈਰਾਥਨ ਵਿੱਚ ਸਰੀਰਕ ਸਿੱਖਿਆ ਵਿਭਾਗ ਦੇ ਲਗਭਗ 150 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਪਹਿਲੀਆਂ ਦਸ ਪੁਜੀਸਨਾਂ ਵਿੱਚ ਸਥਾਨ ਬਣਾਇਆ।

ਇਸ ਤੋਂ ਇਲਾਵਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਕਾਲਜ ਦੀਆਂ ਵੱਖ-ਵੱਖ ਖੇਡਾਂ ਦੀਆਂ 21 ਟੀਮਾਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ।

## 3. ਸੱਭਿਆਚਾਰਕ ਗਤੀਵਿਧੀਆਂ :

ਹਰ ਸਾਲ ਦੀ ਤਰ੍ਹਾਂ ਯੁਵਕ ਭਲਾਈ ਵਿਭਾਗ ਨੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਵੱਲੋਂ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਗਏ।

ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲਾ-2018 ਵਿੱਚ ਕਾਲਜ ਨੇ ਓਵਰ ਆਲ ਤੀਸਰੀ ਪੁਜੀਸ਼ਨ ਪ੍ਰਾਪਤ ਕੀਤੀ। ਕਾਲਜ ਨੇ ਲੋਕ ਨਾਚ, ਸਮੂਹ ਸ਼ਬਦ, ਮਲਵਈ ਗਿੱਧਾ, ਭੰਡਾਂ ਦੀ ਆਈਟਮ ਵਿੱਚ ਪਹਿਲਾ ਸਥਾਨ, ਕਵੀਸ਼ਰੀ, ਕਲਾਸੀਕਲ ਵੋਕਲ, ਲੋਕਗੀਤ, ਕਲਾਸੀਕਲ ਇੰਸਟਰੂਮੈਂਟ (ਪ੍ਰਕਸ਼ਨ) ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ।

## 4. ਐਨ.ਐਸ.ਐਸ. ਵਿਭਾਗ :

ਕੌਮੀ ਸੇਵਾ ਯੋਜਨਾ ਦਾ ਆਗਾਜ਼ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਇੱਕ ਯੂਨਿਟ ਨਾਲ ਸਾਲ 1972 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤਾ ਗਿਆ ਸੀ। ਇਸ ਸਮੇਂ ਐਨ.ਐਸ.ਐਸ. ਦੇ ਪੰਜ ਯੂਨਿਟ 3 ਲੜਕਿਆਂ ਅਤੇ 2 ਲੜਕੀਆਂ ਦੇ ਚੱਲ ਰਹੇ ਹਨ। ਐਨ.ਐਸ.ਐਸ. ਦੇ ਕੋਆਰਡੀਨੇਟਰ ਤੇ ਪ੍ਰੋਗਰਾਮ ਅਫ਼ਸਰ ਡਾ. ਪਰਮਿੰਦਰ ਸਿੰਘ, ਪ੍ਰੋ. ਪ੍ਰੀਤਮ ਸਿੰਘ ਭੰਗੂ, ਪ੍ਰੋ. ਬੂਟਾ ਸਿੰਘ, ਪ੍ਰੋ. [illegible]ਵਿੰਦਰ ਕੌਰ ਅਤੇ ਪ੍ਰੋ. ਗਗਨਦੀਪ ਕੌਰ ਜੀ ਦੀ ਦੇਖ-ਰੇਖ ਹੇਠ ਐਨ.ਐਸ.ਐਸ. ਵਿਭਾਗ ਨੇ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ।

ਹਰ ਸਾਲ ਦੀ ਤਰ੍ਹਾਂ ਪੰਜ ਯੂਨਿਟਾਂ ਵੱਲੋਂ ਸਾਂਝੇ ਤੌਰ ਤੇ ਇੱਕ ਰੋਜ਼ਾ 6 ਕੈਂਪ ਲਗਾਏ ਗਏ।

5 ਜੂਨ 2018 ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ।

10 ਜੂਨ 2018 ਨੂੰ ਫਰੈਂਡਜ਼ ਫਾਰਏਵਰ ਗਰੁੱਪ ਵੱਲੋਂ ਕਾਲਜ ਕੈਂਪਸ ਵਿਖੇ 50 ਪੌਦੇ ਲਗਾਏ ਗਏ।

15 ਜੂਨ 2018 ਤੋਂ 21 ਜੂਨ 2018 ਤੱਕ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੱਗੇ ਅੰਤਰ ਕਾਲਜ ਐਨ.ਐਸ.ਐਸ. ਕੈਂਪ (7 ਦਿਨਾਂ) ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਕਾਲਜ ਦੇ 10 ਵਲੰਟੀਅਰਾਂ ਨੇ ਭਾਗ ਲਿਆ।

10 ਜੁਲਾਈ 2018 ਰੋਟਰੀ ਇੰਟਰਨੈਸ਼ਨਲ ਕਲੱਬ ਵੱਲੋਂ ਬਲੱਡ ਬੈਂਕ ਮੈਡੀਕਲ ਕਾਲਜ ਫਰੀਦਕੋਟ ਵਿੱਚ ਲਗਾਏ ਖੂਨਦਾਨ ਕੈਂਪ ਵਿਚ ਕਾਲਜ ਦੇ ਵਿਦਿਆਰਥੀਆਂ ਵੱਲੋਂ 22 ਯੂਨਿਟ ਖੂਨਦਾਨ ਕੀਤਾ ਗਿਆ।

1 ਅਗਸਤ 2018 ਨੂੰ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਸੈਮੀਨਾਰ, ਟਰੈਵਲ ਏਜੰਟਾਂ, ਸਾਈਬਰ ਕਰਾਈਮ, ਸ਼ਕਤੀ ਐਪ ਪੁਲਿਸ ਸਬੰਧੀ-ਮੁੱਖ ਵਕਤਾ ਦੇ ਰੂਪ ਵਿੱਚ ਸ੍ਰੀ ਦੀਪਕ ਪਾਰਕ ਐਸ.ਪੀ. ਹੈੱਡ ਕੁਆਟਰ ਫਰੀਦਕੋਟ ਪਹੁੰਚੇ ਅਤੇ ਜਾਣਕਾਰੀ ਦਿੱਤੀ।

19 ਸਤੰਬਰ 2018 ਨੂੰ ਬਾਬਾ ਫਰੀਦ ਜੀ ਦੇ ਆਗਮਨ ਪੁਰਬ-2018 ਮੌਕੇ ਖੂਨਦਾਨ ਕੈਂਪ ਲਗਾਇਆ ਗਿਆ ਅਤੇ ਵਲੰਟੀਅਰਾਂ ਵੱਲੋਂ 67 ਯੂਨਿਟ ਖੂਨਦਾਨ ਕੀਤਾ ਗਿਆ।

28 ਸਤੰਬਰ 2018 ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦਾ 111ਵਾਂ ਜਨਮ ਦਿਹਾੜਾ ਮਨਾਇਆ ਅਤੇ 31 ਅਕਤੂਬਰ 2018 ਨੂੰ ਰਾਸ਼ਟਰੀ ਏਕਤਾ ਦਿਵਸ (ਸਰਦਾਰ ਵੱਲਭ ਭਾਈ ਪਟੇਲ) ਜੀ ਸੰਬੰਧੀ ਸੈਮੀਨਾਰ ਕਰਵਾਇਆ ਗਿਆ।

1 ਦਸੰਬਰ 2018 ਨੂੰ ਵਿਸ਼ਵ ਏਡਜ਼ ਦਿਵਸ ਅਤੇ 10 ਦਸੰਬਰ 2018 ਨੂੰ ਮਨੁੱਖ ਅਧਿਕਾਰੀ ਦਿਵਸ ਮਨਾਇਆ ਗਿਆ।

18 ਜਨਵਰੀ 2019 ਨੂੰ ਰਾਸ਼ਟਰੀ ਯੂਥ ਪਾਰਲੀਮੈਂਟ ਫੈਸਟੀਵਲ 2019 ਯੁਵਕ ਸੇਵਾਵਾਂ ਵਿਭਾਗ ਫਰੀਦਕੋਟ ਵੱਲੋਂ ਆਯੋਜਿਤ ਕਰਵਾਇਆ ਗਿਆ।

4 ਫਰਵਰੀ 2019 ਨੂੰ ਵਿਸ਼ਵ ਏਡਜ਼ ਦਿਵਸ ਅਤੇ 6 ਫਰਵਰੀ 2019 ਨੂੰ ਸੜਕ ਸੁਰੱਖਿਆ ਹਫ਼ਤਾ ਮਨਾਇਆ ਗਿਆ।

ਯੁਵਕ ਸੇਵਾਵਾਂ ਵਿਭਾਗ ਫਰੀਦਕੋਟ ਦੇ ਸਹਿਯੋਗ ਨਾਲ 27-28 ਮਾਰਚ, 2019 ਨੂੰ ਕਾਲਜ ਕੈਂਪਸ ਵਿੱਚ ਗਿੱਧਾ, ਭਾਸ਼ਣ, ਲੋਕ-ਗੀਤ, ਲੋਕ-ਸਾਜ, ਪੁਰਾਤਨ ਪਹਿਰਾਵਾ, ਭੰਗੜਾ, ਕਵਿਸ਼ਰੀ, ਵਾਰ-ਗਾਇਨ, ਮੋਨੋ-ਐਕਟਿੰਗ, ਲੋਕ-ਕਲਾਵਾਂ ਦੇ ਮੁਕਾਬਲੇ ਕਰਵਾਏ ਗਏ ਜਿਸ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਆਪਣੇ ਵੋਟ ਦੇ ਅਧਿਕਾਰ ਤੋਂ ਜਾਣੂ ਕਰਵਾਇਆ ਗਿਆ।

## 3. ਐਨ.ਸੀ.ਸੀ. ਵਿਭਾਗ :

13 ਪੰਜਾਬ ਬਟਾਲੀਅਨ, ਫਿਰੋਜ਼ਪੁਰ ਵੱਲੋਂ ਸੀ.ਏ.ਟੀ.ਸੀ.-85 ਕੈਂਪ ਮਲੋਟ ਵਿਖੇ ਮਿਤੀ: 02-07-2018 ਤੋਂ 11-07-2018 ਤੱਕ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਾਲਜ ਦੇ 26 ਐਨ.ਸੀ.ਸੀ. ਕੈਡਿਟਸ ਨੇ ਭਾਗ ਲਿਆ।

13 ਪੰਜਾਬ ਬਟਾਲੀਅਨ, ਫ਼ਿਰੋਜ਼ਪੁਰ ਵੱਲੋਂ 14-08-2018 ਨੂੰ ਏ.ਐਨ.ਓਜ਼/ਕੇਅਰ ਟੇਕਰਜ਼ ਦੀ ਕਾਨਫਰੰਸ ਫ਼ਿਰੋਜ਼ਪੁਰ ਵਿਖੇ ਆਯੋਜਿਤ ਕੀਤੀ ਗਈ ਜਿਸ ਵਿਚ ਡਾ. ਨਰਿੰਦਰਜੀਤ ਸਿੰਘ ਬਰਾੜ ਨੇ ਭਾਗ ਲਿਆ।

ਕਾਲਜ ਦੇ 8 ਐਨ.ਸੀ.ਸੀ. ਕੈਡਿਟਸ ਨੇ ਐਨ.ਸੀ.ਸੀ. ਦੀ 'ਬੀ' ਪ੍ਰੀਖਿਆ-2018 ਦਾ ਪੇਪਰ ਦਿੱਤਾ ਅਤੇ 19 ਐਨ.ਸੀ.ਸੀ. ਕੈਡਿਟਸ ਨੇ 'ਸੀ' ਪ੍ਰੀਖਿਆ-2018 ਦਾ ਪੇਪਰ ਦਿੱਤਾ।

ਐਨ.ਸੀ.ਸੀ. ਯੂਨਿਟ ਵੱਲੋਂ 26 ਨਵੰਬਰ 2018 ਨੂੰ ਐਨ.ਸੀ.ਸੀ. ਦਿਵਸ ਅਤੇ 7 ਦਸੰਬਰ 2018 ਨੂੰ ਐਨ.ਸੀ.ਸੀ. ਯੂਨਿਟ ਵੱਲੋਂ ਝੰਡਾ ਦਿਵਸ ਮਨਾਇਆ ਗਿਆ।

ਵੱਖ-ਵੱਖ ਵਿਭਾਗਾਂ, ਸਭਾਵਾਂ ਅਤੇ ਕਲੱਬਾਂ ਦੀਆਂ ਗਤੀਵਿਧੀਆਂ :

## ਪੰਜਾਬੀ ਵਿਭਾਗ-

ਹਰ ਵਰ੍ਹੇ ਦੀ ਤਰ੍ਹਾਂ ਇਸ ਅਕਾਦਮਿਕ ਵਰ੍ਹੇ ਵਿੱਚ ਵੀ ਪੰਜਾਬੀ ਵਿਭਾਗ ਨੇ ਸਨਮਾਨਯੋਗ ਪ੍ਰਾਪਤੀਆਂ ਕੀਤੀਆਂ। ਪ੍ਰੋ. ਕੁਲਵਿੰਦਰ ਕੌਰ ਨੇ 10 ਜੁਲਾਈ, 2018 ਨੂੰ ਸਰਕਾਰੀ ਕਾਲਜ ਫ਼ਾਜ਼ਿਲਕਾ ਵਿਖੇ ਵਿਸ਼ੇ ਮਾਹਿਰ ਵਜੋਂ ਡਿਊਟੀ ਨਿਭਾਈ। 23 ਅਗਸਤ, 2018 ਨੂੰ ਪੰਜਾਬੀ ਵਿਭਾਗ ਵਲੋਂ 'ਤੀਆਂ ਦਾ ਤਿਉਹਾਰ' ਮਨਾਇਆ ਗਿਆ। ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ। ... ਸਤੰਬਰ, 2018 ਨੂੰ ਪ੍ਰੋ. ਜਗਦੀਪ ਸਿੰਘ ਵੱਲੋਂ ਦੇਸ਼ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ... ਦਿਵਸ 'ਤੇ ਵਿਸ਼ੇਸ਼ ਲੈਕਚਰ ਦਿੱਤਾ ਗਿਆ। 13 ਸਤੰਬਰ, 2018 ਨੂੰ ਵਿਭਾਗ ਵੱਲੋਂ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ ... ਦਸਤਾਰ ਸਜਾਉਣਾ, ਖਿਡੌਣੇ ਬਣਾਉਣਾ, ਘੜਾ ਸਜਾਉਣਾ, ਕਰੋਸ਼ੀਆ ਬੁਣਨਾ, ਪੱਖੀ ਬੁਣਨਾ ਆਦਿ ਮੁਕਾਬਲੇ ਕਰਵਾਏ ਗਏ।

ਪੰਜਾਬੀ ਵਿਭਾਗ ਵਲੋਂ 23 ਅਕਤੂਬਰ, 2018 ਨੂੰ ਪ੍ਰੋ. ਬੂਟਾ ਸਿੰਘ ਅਤੇ ਪ੍ਰੋ. ਹਰਪ੍ਰੀਤ ਸਿੰਘ ਸਫ਼ੀ ਦੀਆਂ ਆਵਾਜ਼ਾਂ ਵਿੱਚ ... ਗੀਤ 'ਬੂਟਲ' ਰਿਲੀਜ਼ ਕੀਤਾ ਗਿਆ। 8 ਜਨਵਰੀ, 2019 ਨੂੰ ਪੰਜਾਬੀ ਯੂਨੀਵਰਸਿਟੀ ਕਾਲਜ ਜੈਤੋਂ ਨੇ ਪ੍ਰੋ. (ਡਾ.) ਨੱਛਤਰ ਸਿੰਘ ... ਕਾਲਜ ਵਿੱਚ ਹੋਈ ਇੰਟਰਵਿਊ ਵਿੱਚ ਵਿਸ਼ਾ ਮਾਹਿਰ ਦੇ ਤੌਰ 'ਤੇ ਬੁਲਾਇਆ। ਜਨਵਰੀ 2019 ਵਿੱਚ ਪੰਜਾਬੀ ਯੂਨੀਵਰਸਿਟੀ ... ਵਲੋਂ ਅੱਠਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਵਿੱਚ ਪ੍ਰੋ. (ਡਾ.) ਕੁਲਵਿੰਦਰ ਕੌਰ ਨੇ 'ਮੁੱਲ ਦੀ ਤੀਵੀਂ' ਕਹਾਣੀ ਸੰਗ੍ਰਹਿ ... ਔਰਤ ਦੀ ਤ੍ਰਾਸਦਿਕ ਸਥਿਤੀ ਵਿਸ਼ੇ 'ਤੇ ਪੇਪਰ ਪੜ੍ਹਿਆ। ਮਿਤੀ: 24 ਜਨਵਰੀ 2019 ਨੂੰ ਦੇਵ ਸਮਾਜ ਗਰਲਜ਼ ਕਾਲਜ ... ਵਿਖੇ ਜ਼ਿਲ੍ਹਾ ਪੱਧਰੀ ਯੂਥ ਪਾਰਲੀਮੈਂਟ ਹੋਈ ਭਾਸ਼ਣ ਪ੍ਰਤੀਯੋਗਤਾ ਵਿੱਚ ਐਮ.ਏ. ਪੰਜਾਬੀ ਭਾਗ ਪਹਿਲਾ ਦੀ ਵਿਦਿਆਰਥਣ ... ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਰਾਜ ਪੱਧਰੀ ਯੂਥ ਪਾਰਲੀਮੈਂਟ ਜੋ ਕਿ ਚਿਤਕਾਰਾ ਯੂਨੀਵਰਸਿਟੀ ਰਾਜਪੁਰਾ ਵਿਖੇ ... ਵਿੱਚ ਹਿੱਸਾ ਲਿਆ। ਮਿਤੀ 09 ਫ਼ਰਵਰੀ 2019 ਨੂੰ ਐਕਮੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਕ ਸੈਦੋ ਕੇ ਜ਼ਿਲ੍ਹਾ ਫ਼ਾਜ਼ਿਲਕਾ ... 'ਪੰਜਾਬੀ ਵਰਣਮਾਲਾ ਨੂੰ ਕਿਵੇਂ ਉਚਾਰੀਏ' ਵਿਸ਼ੇ 'ਤੇ ਪ੍ਰੋ. ਹਰਪ੍ਰੀਤ ਸਿੰਘ ਨੇ ਲੈਕਚਰ ਦਿੱਤਾ। ਫ਼ਰਵਰੀ 2019 ਦੌਰਾਨ ਅੰਤਰਰਾਸ਼ਟਰੀ ... ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹੋਈ ਜਿਸ ਵਿੱਚ ਪ੍ਰੋ. ਕੁਲਵਿੰਦਰ ਕੌਰ ਨੇ ਭਾਗ ਲਿਆ। ਮਿਤੀ 21, 22 ਫ਼ਰਵਰੀ, ... ਨੂੰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਵਿਖੇ ਅੰਤਰ ਰਾਸ਼ਟਰੀ ਕਾਨਫਰੰਸ ਅਤੇ ਖ਼ਾਲਸਾ ਕਾਲਜ ਫਾਰ ਵਿਮੈਨ ... ਲੁਧਿਆਣਾ ਵਿਖੇ 9 ਮਾਰਚ, 2019 ਨੂੰ ਅੰਤਰਰਾਸ਼ਟਰੀ ਪੰਜਾਬੀ ਸੈਮੀਨਾਰ ਵਿੱਚ ਪ੍ਰੋ. (ਡਾ.) ਨਛੱਤਰ ਸਿੰਘ ਨੇ ਪੇਪਰ ਪੜ੍ਹਿਆ। ...ਵੀਂ ਸਰਬ ਭਾਰਤੀ ਭਾਸ਼ਾ ਵਿਗਿਆਨ ਅਤੇ ਲੋਕਧਾਰਾ ਕਾਨਫਰੰਸ 22, 23 ਫ਼ਰਵਰੀ ਨੂੰ ਚੰਡੀਗੜ੍ਹ ਵਿਖੇ ਪ੍ਰੋ. (ਡਾ.) ਸੁਰਿੰਦਰ ... ਨੇ ਭਾਗ ਲਿਆ।

ਇਸ ਸੈਸ਼ਨ ਦੌਰਾਨ ਐਮ.ਏ. ਦੇ ਵਿਦਿਆਰਥੀਆਂ ਗੁਰਪ੍ਰੀਤ ਸਿੰਘ ਅਤੇ ਹਰਜਿੰਦਰ ਸਿੰਘ ਨੇ UGC (NET) ਪਾਸ ਕੀਤਾ। ... ਵਰ੍ਹੇ ਦੀ ਤਰ੍ਹਾਂ ਇਸ ਵਰ੍ਹੇ ਵੀ ਵਿਭਾਗ ਵਲੋਂ ਕੰਧ ਪੱਤ੍ਰਿਕਾ ਰਿਲੀਜ਼ ਕੀਤੀ ਗਈ ਅਤੇ ਵਿਭਾਗ ਵੱਲੋਂ ਹਰ ਮਹੀਨੇ ਵਿਦਿਆਰਥੀਆਂ ਅਤੇ ...ਪਕਾਂ ਦੀ ਇਕੱਤਰਤਾ ਵਿੱਚ ਸਾਹਿਤ ਸਭਾ ਦਾ ਆਯੋਜਨ ਕੀਤਾ ਗਿਆ।

## ਅੰਗਰੇਜ਼ੀ ਵਿਭਾਗ-

ਅੰਗਰੇਜ਼ੀ ਵਿਭਾਗ ਵਿਖੇ ਸਾਲ 2003 ਤੋਂ ਅੰਗਰੇਜ਼ੀ ਸਾਹਿਤ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਇੱਕ ਐਸੋਸੀਏਸ਼ਨ ELSA ... ਰਹੀ ਹੈ ਜੋ ਕਾਲਜ ਦੀਆਂ ਮਹੱਤਵਪੂਰਨ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ। ਇਸ ਸੈਸ਼ਨ ਦੌਰਾਨ ਮਿਤੀ 31 ਅਕਤੂਬਰ, 2018 ਨੂੰ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵਿੱਚ ਏਕਤਾ ਦਿਵਸ ਮਨਾਇਆ ਗਿਆ ਜਿਸ ਵਿੱਚ ਲੇਖ ਲਿਖਣ ਮੁਕਾਬਲੇ ਕਰਵਾਏ ਗਏ ਅਤੇ ਵਿਦਿਆਰਥੀਆਂ ਨੇ ਪਰਚੇ ਪੜ੍ਹੇ। ਐਮ.ਏ. ਭਾਗ ਪਹਿਲਾ ਦੀ ਵਿਦਿਆਰਥਣ ਰਾਜਵੀਰ ਨੇ ਜ਼ਿਲ੍ਹਾ ਪੱਧਰੀ Declamation Contest ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਡਾ. ਨਿਰਵਰਿੰਦਰ ਕੌਰ ਸੰਧੂ ਨੇ ਮਿਤੀ 10 ਜੁਲਾਈ, 2018 ਨੂੰ ਐਮ.ਆਰ. ਸਰਕਾਰੀ ਕਾਲਜ, ਫ਼ਾਜ਼ਿਲਕਾ ਵਿਖੇ ਇੰਟਰਵਿਊ ... ਵਿਸ਼ੇ ਦੇ ਮਾਹਿਰ ਵਜੋਂ ਹਾਜ਼ਰੀ ਭਰੀ। ਮਿਤੀ 16 ਫ਼ਰਵਰੀ, 2019 ਨੂੰ ਡਾ. ਨਿਰਵਰਿੰਦਰ ਕੌਰ ਸੰਧੂ, ਪ੍ਰੋ. ਅਕਾਸ਼ਦੀਪ ਕੌਰ, ਪ੍ਰੋ. ...ਦੀਪ ਕੌਰ, ਪ੍ਰੋ. ਨੂਰ ਅੰਮ੍ਰਿਤ ਕੌਰ ਨੇ ਸੋਸ਼ਲ ਮੀਡੀਆ ਨਾਲ ਸੰਬੰਧਿਤ ਵਿਸ਼ਿਆਂ 'ਤੇ ਪੇਪਰ ਪ੍ਰਸਤੁਤ ਕੀਤੇ। ਪ੍ਰੋ. ਸ਼ਾਲਿਨੀ ਗਰਗ ਨੇ

ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਵਿਖੇ ਰਿਫਰੈਸ਼ਰ ਕੋਰਸ ਲਗਾਇਆ।

ਪ੍ਰੋ. ਪਰਮਜੀਤ ਕੌਰ ਨੇ ਮਿਤੀ 12 ਅਕਤੂਬਰ, 2018 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ NAAC/IQAC ਕਰਵਾਈ RAF ਸਬੰਧਿਤ ਵਰਕਸ਼ਾਪ ਵਿੱਚ ਭਾਗ ਲਿਆ। ਪ੍ਰੋ. ਸ਼ਾਲਿਨੀ ਗਰਗ ਅਤੇ ਪ੍ਰੋ. ਪਰਮਜੀਤ ਕੌਰ ਨੇ ਮਿਤੀ 6 ਸਤੰਬਰ, ਨੂੰ ਕੇ.ਵੀ. ਫਰੀਦਕੋਟ ਵਿਖੇ ਜੋਨਲ ਲਿਟਰੇਰੀ ਫ਼ੈਸਟੀਵਲ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।

ਪ੍ਰੋ. (ਡਾ.) ਵਿਪਨ ਪਾਲ ਸਿੰਘ ਦੀ ਦੇਖ-ਰੇਖ ਵਿੱਚ ਕਾਲਜ ਵਿਖੇ ਯੂ.ਜੀ.ਸੀ. ਵਿਭਾਗ ਅਤੇ ਸੰਸਕ੍ਰਿਤ ਦੀਆਂ ਕਲਾਸਾਂ ਦਾ ਕਾਰਜ ਨਾਲ ਚੱਲ ਰਿਹਾ ਹੈ। ਯੂ.ਜੀ.ਸੀ. ਵਿਭਾਗ ਵੱਲੋਂ ਜਲ੍ਹਿਆਂ ਵਾਲੇ ਬਾਗ ਉਪਰ ਅੰਤਰ ਕਾਲਜ ਸਿੰਪੋਜ਼ੀਅਮ ਕਰਵਾਇਆ। ਡਾ. ਸਿੰਘ ਨੇ ਦਿੱਲੀ ਯੂਨੀਵਰਸਿਟੀ ਅਤੇ ਪੋਸਟ ਡੈਮ ਯੂਨੀਵਰਸਿਟੀ ਜਰਮਨੀ ਵੱਲੋਂ ਕਰਵਾਏ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ ਪੜ੍ਹਿਆ। ਪ੍ਰੋ. ਅਕਾਸ਼ਦੀਪ ਕੌਰ ਦਾ ਇੱਕ ਪੇਪਰ "Academe Journal of Education and Psychology" Journal ਪ੍ਰਕਾਸ਼ਿਤ ਹੋਇਆ। ਪ੍ਰੋ. ਰਾਜਵਿੰਦਰ ਕੌਰ ਨੇ ਮਿਤੀ 6 ਸਤੰਬਰ, 2018 ਨੂੰ ਦੇਸ਼ ਭਗਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਫਰੀਦਕੋਟ ਵਿਖੇ "ਲਿਟਰੇਸੀ ਐਂਡ ਰੋਲ ਆਫ਼ ਟੀਚਰਜ਼" ਵਿਸ਼ੇ 'ਤੇ ਭਾਸ਼ਣ ਦਿੱਤਾ।

## ਅਰਥ ਵਿਗਿਆਨ ਵਿਭਾਗ–

ਅਕਾਦਮਿਕ ਸੈਸ਼ਨ 2017-18 ਦੌਰਾਨ ਐਮ.ਏ. ਅਰਥ ਵਿਗਿਆਨ ਦੇ ਵਿਦਿਆਰਥੀ ਕਨਿਕਾ ਬਜਾਜ, ਗਗਨ ਕੁਮਾਰ ਅਤੇ ਕਾਜਲ ਨੇ ਕ੍ਰਮਵਾਰ 8.5, 8.5 ਅਤੇ 7.6 **SGPA** ਪ੍ਰਾਪਤ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ।

6 ਸਤੰਬਰ 2018 ਨੂੰ ਇੰਟਰ ਕਲਾਸ ਕੁਇਜ਼ ਮੁਕਾਬਲਾ ਕਰਵਾਇਆ ਗਿਆ।

8 ਅਕਤੂਬਰ 2018 ਨੂੰ ਯੂ.ਜੀ.ਸੀ. (ਨੈੱਟ) ਨਾਲ ਸੰਬੰਧਤ ਲੈਕਚਰ ਕਰਵਾਇਆ ਗਿਆ।

**National Youth Day (Faridkot-Ferozepur)** ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਵਿੱਚ ਐਮ.ਏ. ਭਾਗ ਦੂਜਾ ਦੀ ਵਿਦਿਆਰਥਣ ਦੀਪਾਲੀ ਵਤਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰੋ. ਰਮਾ ਗੁਪਤਾ ਨੇ ਮਨੀ ਬੈਂਕਿੰਗ ਵਿਸ਼ੇ ਉਪਰ ਸਕਰੈਪ ਬੁੱਕਸ ਤਿਆਰ ਕਰਵਾਈਆਂ।

ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨ ਬਠਿੰਡਾ ਵਿੱਚ 22 ਫ਼ਰਵਰੀ 2019 ਨੂੰ ਹੋਏ ਕਵਿਤਾ ਉਚਾਰਣ ਮੁਕਾਬਲੇ ਵਿੱਚ ਰਜਪਿੰਦਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

1 ਅਪ੍ਰੈਲ 2019 ਨੂੰ ਪੋਸਟਰ ਮੁਕਾਬਲਾ ਕਰਵਾਇਆ ਗਿਆ।

2 ਅਪ੍ਰੈਲ 2019 ਨੂੰ **"Externatities of Environmental Degradation"** ਵਿਸ਼ੇ 'ਤੇ ਹੋਏ ਸੈਮੀਨਾਰ ਵਿੱਚ ਡਾ. ਸੰਦੀਪ ਕੌਰ (ਸੈਂਟਰਲ ਯੂਨੀਵਰਸਿਟੀ ਬਠਿੰਡਾ) ਨੇ ਲੈਕਚਰ ਦਿੱਤਾ।

## ਜੌਗਰਫ਼ੀ ਵਿਭਾਗ–

ਜੌਗਰਫ਼ੀ ਵਿਭਾਗ ਵਿੱਚ "ਸਰ ਹਮਬੋਲਟ ਜੌਗਰਫਰਜ਼ ਐਸੋਸੀਏਸ਼ਨ ਕੰਮ ਕਰ ਰਹੀ ਹੈ। ਵਿਭਾਗ ਵੱਲੋਂ ਧਰਤ ਦਿਵਸ, ਅੰਤਰ ਜੀਵ ਅਨੇਕਤਾ ਦਿਵਸ, ਵਿਸ਼ਵ ਵਾਤਾਵਰਣ ਦਿਵਸ, ਵਿਸ਼ਵ ਕੁਦਰਤ ਸੰਭਾਲ ਦਿਵਸ, ਵਿਸ਼ਵ ਓਜ਼ੋਨ ਦਿਵਸ, ਅੰਤਰ ਰਾਸ਼ਟਰੀ ਆਫ਼ਤ (ਡਿਜ਼ਾਸਟਰ) ਦਿਵਸ, ਵਿਸ਼ਵ ਨਮ ਭੂਮੀ ਦਿਵਸ ਮਨਾਇਆ ਗਿਆ ਅਤੇ ਇਸ ਤੋਂ ਇਲਾਵਾ ਬੀ.ਏ. ਭਾਗ-ਤੀਜਾ ਦੇ ਅਨੁਸਾਰ ਖੇਤਰੀ ਕਾਰਜ ਕਰਵਾਇਆ ਗਿਆ ਜਿਸ ਵਿੱਚ ਬ੍ਰਿਜਿੰਦਰਾ ਕਾਲਜ ਦੇ ਪ੍ਰਭਾਵੀ ਖੇਤਰ ਦਾ ਅਧਿਐਨ ਵਿਦਿਆਰਥੀਆਂ ਕੀਤਾ ਗਿਆ। ਜਿਸ ਦੇ ਸਿੱਟੇ ਵਜੋਂ ਨਾ ਕੇਵਲ ਪੰਜਾਬ ਦੇ ਬਲਕਿ ਨਾਲ ਲੱਗਦੇ ਸੂਬਿਆਂ ਦੇ ਬੱਚੇ ਵੀ ਪੜ੍ਹਨ ਲਈ ਆਉਂਦੇ ਹਨ

ਕਿਉਂਕਿ ਇੱਥੇ ਵਧੀਆ ਪੜ੍ਹਾਈ, ਵਧੀਆ ਖੇਡਾਂ ਦੇ ਪ੍ਰਬੰਧ ਤੋਂ ਇਲਾਵਾ ਐਨ.ਐਸ.ਐਸ. ਸੱਭਿਆਚਾਰਕ ਗਤੀਵਿਧੀਆ, ਐਨ.ਸੀ.ਸੀ., ਰੈੱਡ ਰਿਬਨ ਕਲੱਬ ਆਦਿ ਚੱਲਦੇ ਹਨ।

1. ਪ੍ਰੋ. ਅਰਮਿੰਦਰ ਸਿੰਘ ਨੂੰ ਰਿਟਰਨਿੰਗ ਅਫ਼ਸਰ ਪੰਜਾਬ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ ਚੋਣਾਂ ਕੋਟਕਪੂਰਾ (ਜ਼ਿਲ੍ਹਾ ਫ਼ਰੀਦਕੋਟ) ਵੱਲੋਂ ਪ੍ਰਸੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।
2. ਪ੍ਰੋ. (ਡਾ.) ਪਰਮਿੰਦਰ ਸਿੰਘ ਨੂੰ ਖ਼ੂਨਦਾਨ ਖ਼ੂਨਦਾਨ-ਮਹਾਂਦਾਨ-ਜੀਵਨਦਾਨ ਵਿੱਚ ਵਡਮੁੱਲਾ ਯੋਗਦਾਨ ਪਾਉਣ ਬਦਲੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ।
3. 26 ਜਨਵਰੀ 2019 ਮੌਕੇ ਪ੍ਰੋ. (ਡਾ.) ਪਰਮਿੰਦਰ ਸਿੰਘ ਨੂੰ ਸਿੱਖਿਆ-ਸਮਾਜ ਸੇਵਾ-ਸੱਭਿਆਚਾਰਕ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਬਦਲੇ ਸ. ਸਾਧੂ ਸਿੰਘ ਧਰਮਸੋਤ ਕੈਬਨਿਟ ਮੰਤਰੀ ਨੇ ਸਨਮਾਨਿਤ ਕੀਤਾ।
4. 8 ਫ਼ਰਵਰੀ 2019 ਨੂੰ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਸੋਢੀ (ਮੰਤਰੀ, ਯੁਵਕ ਸੇਵਾਵਾਂ ਵਿਭਾਗ ਅਤੇ ਖੇਡ ਵਿਭਾਗ) ਵੱਲੋਂ ਪ੍ਰੋ. (ਡਾ) ਪਰਮਿੰਦਰ ਸਿੰਘ ਨੇ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ।
5. **Introduction to Computer Training (National Mission of Education, MHRD Govt. of India** ਵੱਲੋਂ ਕਾਰਵਾਈ ਕੰਪਿਊਟਰ ਸਬੰਧੀ ਪ੍ਰੀਖਿਆਂ ਵਿੱਚ ਪ੍ਰੋ. ਮਨਿੰਦਰ ਕੌਰ ਨੇ ਭਾਗ ਲਿਆ।

## ਹਿਸਟਰੀ ਵਿਭਾਗ-

1) ਮਿਤੀ 12-10-2018 ਨੂੰ ਪੰਜਾਬੀ ਭਾਸ਼ਾ ਵਿਭਾਗ, ਫਰੀਦਕੋਟ ਵਲੋਂ ਜ਼ਿਲ੍ਹਾ ਪੱਧਰ ਤੇ ਲਿਖਤੀ ਕੁਇਜ਼ ਮੁਕਾਬਲੇ ਵਿੱਚ ਧਰਮਪਾਲ ਨੇ ਪਹਿਲਾ ਸਥਾਨ ਅਤੇ ਸਤਨਾਮ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਵਿੱਚ ਧਰਮਪਾਲ ਦੀ ਚੋਣ ਪੰਜਾਬ ਪੱਧਰ ਤੇ ਹੋਣ ਵਾਲੇ ਮੁਕਾਬਲੇ ਲਈ ਕੀਤੀ ਗਈ।
2) 14 ਨਵੰਬਰ 2018 ਨੂੰ ਬਾਲ ਦਿਵਸ' ਮੌਕੇ ਵਿਦਿਆਰਥੀਆਂ ਨੂੰ ਪ੍ਰੋ. ਜੈਸਮੀਨ ਵਾਲੀਆ ਨੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਦੇ ਬਾਰੇ ਜਾਣਕਾਰੀ ਦਿੱਤੀ।
3) ਪ੍ਰੋ. ਪਰਮਜੀਤ ਕੌਰ ਅਤੇ ਪ੍ਰੋ. ਜੈਸਮੀਨ ਵਾਲੀਆ ਨੇ ਮਿਤੀ 09 ਮਾਰਚ 2019 ਨੂੰ ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਧਵਾਂ ਖ਼ੁਰਦ, ਲੁਧਿਆਣਾ ਵਿੱਚ ਇੱਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਵਿੱਚੋਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵਿਸ਼ਿਆ ਤੇ ਪੇਪਰ ਪੜ੍ਹੇ।

## ਰਾਜਨੀਤੀ ਸ਼ਾਸਤਰ ਵਿਭਾਗ-

- ਮਿਤੀ 5 ਸਤੰਬਰ, 2018 ਨੂੰ ਅਧਿਆਪਕ ਦਿਵਸ ਮੌਕੇ ਪ੍ਰੋ. ਸੁਖਜੀਤ ਸਿੰਘ ਅਤੇ ਪ੍ਰੋ. ਅਮਰਜੀਤ ਕੌਰ ਨੇ ਡਾ.ਰਾਧਾ ਕ੍ਰਿਸ਼ਨ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।
- 31 ਅਕਤੂਬਰ, 2018 ਨੂੰ ਸਰਕਾਰੀ ਬ੍ਰਿਜਿੰਦਰਾ ਕਾਲਜ ਵਿੱਚ ਬੈਂਕ ਵਿਭਾਗ ਵਲੋਂ 'ਵਿਜ਼ੀਲੈਂਸ ਹਫ਼ਤਾ' ਮਨਾਇਆ ਗਿਆ। ਧਰਮਪਾਲ ਨੇ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।
- 26 ਨਵੰਬਰ, 2018 ਨੂੰ ਸੰਵਿਧਾਨ ਦਿਵਸ ਮਨਾਇਆ ਗਿਆ।
- 10 ਦਸੰਬਰ, 2018 ਨੂੰ 'ਵਰਲਡ ਹਿਊਮਨ ਰਾਈਟ ਡੇ' ਮਨਾਇਆ ਗਿਆ।
- ਪ੍ਰੋ. ਸੁਖਜੀਤ ਸਿੰਘ ਨੇ ਮਿਤੀ 09 ਮਾਰਚ 2019 ਨੂੰ ਖ਼ਾਲਸਾ ਕਾਲਜ ਫ਼ਾਰ ਵਿਮੈਨ, ਸਿਧਵਾਂ ਖ਼ੁਰਦ, ਲੁਧਿਆਣਾ ਵਿਖੇ ਅੰਤਰ ਰਾਸ਼ਟਰੀ, ਸੈਮੀਨਾਰ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਰਾਜਨੀਤੀਕ ਚੇਤਨਤਾ' ਵਿਸ਼ੇ ਤੇ ਪੇਪਰ ਪ੍ਰਸਤੁਤ ਕੀਤਾ।

## ਸੰਗੀਤ ਵਿਭਾਗ-

ਸੰਗੀਤ ਵਿਭਾਗ ਵਿੱਚ ਵਿਸ਼ਵ ਸੰਗੀਤ ਦਿਵਸ ਮਨਾਇਆ ਗਿਆ।

ਸੰਗੀਤ ਵਿਭਾਗ ਦੁਆਰਾ ਚਲਾਈ ਜਾ ਰਹੀ ਸੰਸਥਾ ਸੁਰਾਂਗਣ (ਸੁਰ-ਆਂਗਣ) ਵੱਲੋਂ ਵੱਖ-ਵੱਖ ਪ੍ਰੋਗਰਾਮ ਕਰਵਾਏ ਗਏ। ਮਿਤੀ: 30-11-2018 ਅਤੇ 01-12-2018 ਨੂੰ 'ਹੁਸਨ-ਏ-ਗ਼ਜ਼ਲ' ਦੇ ਨਾਮ ਤੇ ਦੋ ਰੋਜ਼ਾ ਰਾਜ ਪੱਧਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਪ੍ਰਿੰਸੀਪਲ ਅੰਮ੍ਰਿਤਪਾਲ ਸਿੰਘ, ਡਾ. ਕਮਲਜੀਤ ਸਿੰਘ, ਪ੍ਰੋ. ਅਰਸ਼ਪ੍ਰੀਤ ਸਿੰਘ, ਪ੍ਰਸਿੱਧ ਸ਼ਾਇਰ ਵਿਜੇ ਵਿਵੇਕ, ਡਾ. ਸੁਸ਼ੀਲ ਰੁਹੇਜਾ, ਪ੍ਰਮੋਦ ਕਾਫ਼ਰ ਆਦਿ ਨੇ ਸ਼ਿਰਕਤ ਕੀਤੀ।

ਖੇਤਰੀ ਯੁਵਕ ਮੇਲੇ ਦੌਰਾਨ ਸਮੂਹ ਸ਼ਬਦ ਗਾਇਨ ਵਿੱਚ ਪਹਿਲਾ ਸਥਾਨ, ਲੋਕ ਸਾਜ਼ ਪਹਿਲਾ ਸਥਾਨ, ਸ਼ਾਸਤਰੀ ਸੰਗੀਤ ਗਾਇਨ, ਸ਼ਾਸਤਰੀ ਸੰਗੀਤ ਤਬਲਾ ਵਾਦਨ ਵਿੱਚ ਦੂਸਰਾ ਸਥਾਨ, ਕਵੀਸ਼ਰੀ ਦੂਸਰਾ ਸਥਾਨ, ਗੀਤ, ਗ਼ਜ਼ਲ ਤੀਜਾ ਸਥਾਨ ਹਾਸਿਲ ਕਰਕੇ ਸ਼ਾਨਦਾਰ ਉਪਲੱਬਧੀਆਂ ਹਾਸਿਲ ਕੀਤੀਆਂ।

ਸੰਗੀਤ ਵਿਭਾਗ ਦੇ ਮੁਖੀ ਡਾ. ਰਾਜੇਸ਼ ਮੋਹਨ ਨੇ ਵੱਖ-ਵੱਖ ਸੈਮੀਨਾਰ ਸੰਗੀਤਕ ਮਹਿਫ਼ਲਾਂ ਅਤੇ ਮੁਸ਼ਾਇਰਿਆਂ ਵਿੱਚ ਬਤੌਰ ਸੰਗੀਤ ..., ਸ਼ਾਇਰ ਅਤੇ ਗਾਇਕ ਵਜੋਂ ਸ਼ਿਰਕਤ ਕੀਤੀ। ਸੰਗੀਤ ਵਿਭਾਗ ਦੇ ਅਧਿਆਪਕ ਪ੍ਰੋ. ਅਮਨਪ੍ਰੀਤ ਕੌਰ ਨੇ ਪੀ.ਐਚ.ਡੀ. ... ਦੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ **Pre-Submission** ਕਰਵਾਈ।

## ਹਿੰਦੀ ਵਿਭਾਗ-

15 ਫ਼ਰਵਰੀ, 2018 ਨੂੰ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਹੋਏ ਮੁਕਾਬਲਿਆਂ ਵਿੱਚ ਅਰਚਨਾ ਕੁਮਾਰੀ ਨੇ ਹਿੰਦੀ ਕਵਿਤਾ ਲੇਖ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

30 ਅਗਸਤ, 2018 ਨੂੰ ਹਿੰਦੀ ਵਿਭਾਗ ਵਿੱਚ ਸਵ.ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੀ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਰੋਹ ਆਯੋਜਿਤ ਕਰਵਾਇਆ ਗਿਆ।

17 ਸਤੰਬਰ, 2018 ਨੂੰ ਵਿਭਾਗ ਵਿੱਚ 'ਵਰਤਮਾਨ ਸਮੇਂ ਮੇਂ ਹਿੰਦੀ ਭਾਸ਼ਾ ਕੇ ਸਮਕਸ਼ ਚੁਨੌਤੀਆਂ ਔਰ ਸਮਾਧਾਨ' 'ਤੇ ਪ੍ਰੋ. (ਡਾ.) ਰਜਿੰਦਰ ਸੇਨ ਨੇ ਭਾਸ਼ਣ ਦਿੱਤਾ।

13 ਨਵੰਬਰ, 2018 ਨੂੰ ਸਰਕਾਰੀ ਕੰਨਿਆ ਸੀਨੀਅਰ, ਸੈਕੰਡਰੀ ਸਕੂਲ ਫਰੀਦਕੋਟ ਵਿਖੇ ਭਾਸ਼ਣ ਪ੍ਰਤੀਯੋਗਤਾ ਵਿੱਚ ਮੁਕੇਸ਼ ਕੁਮਾਰ ਨੇ ਦੂਜਾ ਸਥਾਨ ਮਿਤੀ: 15 ਨਵੰਬਰ 2018 ਨੂੰ ਜ਼ਿਲ੍ਹਾ ਪੱਧਰੀ ਭਾਸ਼ਣ ਮੁਕਾਬਲੇ ਵਿੱਚ ਮੁਕੇਸ਼ ਕੁਮਾਰ ਨੇ ਪਹਿਲਾ ਸਥਾਨ ਅਤੇ 5000/-ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ।

27 ਨਵੰਬਰ, 2018 ਨੂੰ ਪੰਜਾਬ ਸੈਂਟਰਲ ਯੂਨੀਵਰਸਿਟੀ, ਬਠਿੰਡਾ ਵਿਖੇ ਕਵਿਤਾ ਉਚਾਰਨ ਮੁਕਾਬਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

16 ਫ਼ਰਵਰੀ, 2019 ਨੂੰ ਹਿੰਦੀ ਵਿਭਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਭਾਸ਼ਣ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ।

## ਫਿਲਾਸਫ਼ੀ ਵਿਭਾਗ-

ਮਿਤੀ: 14-03-2019 ਨੂੰ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਦੇ ਫ਼ਿਲਾਸਫ਼ੀ ਵਿਭਾਗ ਵੱਲੋਂ ਬਣਾਈ ਗਈ 'ਸੁਆਮੀ ਵਿਵੇਕਾਨੰਦ ਫ਼ਿਲਾਸਫ਼ੀਕਲ ਸੁਸਾਇਟੀ' ਵੱਲੋਂ ਭਾਸ਼ਣ ਕਲਾ ਅਤੇ ਕਾਵਿ ਉਚਾਰਨ ਦੇ ਮੁਕਾਬਲੇ ਕਰਵਾਏ ਗਏ।

## ਕਾਮਰਸ ਵਿਭਾਗ–

ਕਾਮਰਸ ਵਿਭਾਗ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਬੁੱਕ ਬੈਂਕ ਚਲਾਇਆ ਜਾ ਰਿਹਾ ਹੈ। ਬੀ.ਕਾਮ. ਭਾਗ ਤੀਜਾ ਦੇ ਵਿਦਿਆਰਥੀ [illegible] ਸਿੰਘ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਏ ਗਏ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਪੂਰੇ ਜ਼ੋਨ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਜਸਪ੍ਰੀਤ ਸਿੰਘ ਅਤੇ ਨਵਪ੍ਰੀਤ ਸਿੰਘ ਨੇ ਵੀ ਇਸ ਇਮਤਿਹਾਨ ਵਿੱਚ ਮੈਰਿਟ ਸਥਾਨ ਹਾਸਲ ਕੀਤੇ।

## ਕੈਮਿਸਟਰੀ ਵਿਭਾਗ–

ਬੀ.ਐਸ.ਸੀ. ਭਾਗ ਤੀਜਾ ਮੈਡੀਕਲ ਦੀ ਵਿਦਿਆਰਥਣ ਸ੍ਰਿਸ਼ਟੀ ਜੈਨ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਲਿਸਟ ਵਿੱਚ ਤੀਜਾ ਸਥਾਨ ਅਤੇ ਬੀ.ਐਸ.ਸੀ. ਭਾਗ ਤੀਜਾ (ਨਾਨ-ਮੈਡੀਕਲ) ਦੀ ਵਿਦਿਆਰਥਣ ਵੈਸ਼ਾਲੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੈਰਿਟ ਲਿਸਟ ਵਿੱਚ ਛੇਵਾਂ ਸਥਾਨ ਹਾਸਿਲ ਕੀਤਾ।

ਨਵੰਬਰ ਮਹੀਨੇ ਵਿੱਚ ਦੇਵ ਸਮਾਜ ਕਾਲਜ ਫਾਰ ਵੋਮੈਨ ਫ਼ਿਰੋਜ਼ਪੁਰ ਵਿਖੇ ਸਾਇੰਸ ਵਿਭਾਗ ਦੇ ਪ੍ਰੋਗਰਾਮ **FFF-2018** ਦੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਹਿਮਾਂਸ਼ੂ (ਬੀ.ਐਸ.ਸੀ. ਭਾਗ ਦੂਜਾ) ਨੇ ਦੂਜਾ ਸਥਾਨ ਅਤੇ ਬੀ.ਐਸ.ਸੀ. ਭਾਗ ਦੂਜਾ (ਨਾਨ-ਮੈਡੀਕਲ) ਦੇ ਵਿਦਿਆਰਥੀਆਂ- ਆਂਚਲ, ਅਕਾਸ਼ ਕੰਬੋਜ, ਆਰਤੀ ਕਪੂਰ, ਮਨਪ੍ਰੀਤ ਸਿੰਘ ਦੀ ਟੀਮ ਨੇ ਕੁਇਜ਼ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

ਫਰਵਰੀ 2019 ਵਿੱਚ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ **National Science Day** ਦੇ ਪ੍ਰੋਗਰਾਮ ਵਿੱਚ **Poster Presentation** ਵਿੱਚ ਐਮ.ਐਸ.ਸੀ. ਦੀਆਂ ਵਿਦਿਆਰਥਣਾਂ ਸਿਮਰਨਜੀਤ ਕੌਰ ਅਤੇ ਸਿਮਰਨ ਨੇ ਦੂਜਾ ਸਥਾਨ ਹਾਸਿਲ ਕੀਤਾ। **Model Presentation** ਵਿੱਚ ਬੀ.ਐਸ.ਸੀ. ਭਾਗ ਪਹਿਲਾ (ਨਾਨ-ਮੈਡੀਕਲ) ਦੇ ਵਿਦਿਆਰਥੀਆਂ ਮੀਨ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਕੁਇਜ਼ ਮੁਕਾਬਲੇ ਵਿੱਚ ਦਨੀਕਸ਼ਾ, ਲਵਪ੍ਰੀਤ ਸਿੰਘ ਅਤੇ ਭੁਪਿੰਦਰ ਸਿੰਘ (ਬੀ.ਐਸ.ਸੀ.-I ਮੈਡੀਕਲ) ਦੀ ਟੀਮ ਨੇ ਦੂਜਾ ਸਥਾਨ ਹਾਸਿਲ ਕੀਤਾ।

## ਬਾਟਨੀ ਵਿਭਾਗ–

1. ਬਾਟਨੀ ਵਿਭਾਗ ਵੱਲੋਂ ਇੱਕ ਵਰਕਸ਼ਾਪ 'ਫੋਲਡੋਸਕੋਪ ਅਤੇ ਬਿਮਾਰੀਆਂ ਦੀ ਫੀਲਡ ਦੀ ਪਛਾਣ' ਵਿਸ਼ੇ 'ਤੇ 22 ਨਵੰਬਰ 2018 ਨੂੰ ਡਾ. ਅਮਨ ਸ਼ਰਮਾ (ਪਲਾਂਟ ਪੈਥੋਲੋਜਿਸਟ) ਅਸਿਸਟੈਂਟ ਪ੍ਰੋਫੈਸਰ ਕੇ.ਵੀ.ਕੇ. ਫਰੀਦਕੋਟ ਅਤੇ ਉਹਨਾਂ ਦੀ ਟੀਮ ਨੇ ਲੈਕਚਰ ਦਿੱਤਾ।
2. 'ਡਿਜੀਟਲ ਲਿਟਰੇਸੀ' ਵਿਸ਼ੇ 'ਤੇ 30 ਅਕਤੂਬਰ ਨੂੰ ਸਤਲੁਜ ਗ੍ਰਾਮੀਣ ਬੈਂਕ ਫ਼ਰੀਦਕੋਟ ਦੀ ਮਦਦ ਨਾਲ ਬਾਇਓਲੋਜੀ ਵਿਭਾਗ ਵਿਖੇ 'ਵਿਜੀਲੈਂਸ ਅਵੇਅਰਨੈਸ ਵੀਕ' 29 ਅਕਤੂਬਰ 2018 ਤੋਂ 03 ਨਵੰਬਰ 2018 ਤੱਕ ਮਨਾਇਆ ਗਿਆ।
3. 'ਸਾਈਬਰ ਕ੍ਰਾਈਮ' ਵਿਸ਼ੇ 'ਤੇ 02 ਅਗਸਤ 2018 ਨੂੰ ਡਾ. ਦੀਪਕ ਪਰਾਸ਼ਰ (ਐਸ.ਪੀ.) ਨੇ ਔਰਤਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਚੁੱਕੇ ਕਦਮਾਂ ਬਾਰੇ ਦੱਸਿਆ ਗਿਆ।
4. ਨਵੇਂ ਵਿਦਿਆਰਥੀਆਂ ਦੀ ਸਥਿਤੀ ਤੇ ਪਰਸਪਰ ਪ੍ਰਭਾਵ **(Interaction and Orientation)** 01 ਅਕਤੂਬਰ 2018 ਨੂੰ ਕਰਵਾਈ ਗਈ।

## ਜ਼ੂਆਲੋਜੀ ਵਿਭਾਗ-

1. [illegible] ਮੰਗਰ ਦਾ ਇੱਕ ਲੇਖ **"Changing trends in science education in higher education"** ਪ੍ਰਕਾਸ਼ਿਤ ਹੋਇਆ। **"Women Former Day"** 'ਤੇ 15 ਅਕਤੂਬਰ 2018 ਨੂੰ "ਮੱਛੀ ਅਤੇ ਪੂੰਗ ਫਾਰਮ ਫ਼ਰੀਦਕੋਟ" ਵਿਖੇ ਅਤੇ 26 ਅਕਤੂਬਰ 2018 ਨੂੰ "ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨ ਦਿਉਣ (ਬਠਿੰਡਾ)" ਵਿਖੇ **Extension Lecture** ਦਿੱਤਾ। **International Pre-Conference on Food and Nutrition** ਵਿਸ਼ੇ 'ਤੇ **Biosciences** ਦੇ **Session** ਵਿੱਚ ਜੱਜ ਦੀ ਭੂਮਿਕਾ ਨਿਭਾਈ। **2nd International Conference at Baba Farid College Deon (Bathinda) on February 14-16, 2019 as a Chairperson Invite** ਕੀਤਾ ਗਿਆ।
2. ਬਾਇਓਲੋਜੀ ਵਿਭਾਗ ਵਿੱਚ 22 ਸਤੰਬਰ 2018 ਨੂੰ ਪਲਾਂਟ ਪੈਥੋਲਾਜਿਸਟ ਡਾ. ਅਮਨ ਸ਼ਰਮਾ, ਅਸਿਸਟੈਂਟ ਪ੍ਰੋਫ਼ੈਸਰ ਕੇ.ਵੀ.ਕੇ. ਫ਼ਰੀਦਕੋਟ ਅਤੇ ਉਹਨਾਂ ਦੀ ਟੀਮ ਵੱਲੋਂ ਇੱਕ ਵਰਕਸ਼ਾਪ ਲਗਾਈ ਗਈ।
3. ਬਾਇਓਲੋਜੀ ਵਿਭਾਗ ਵਿੱਚ ਲਾਇਨਜ਼ ਕਲੱਬ ਫ਼ਰੀਦਕੋਟ ਵੱਲੋਂ 'ਡਾਇਬਟੀਜ਼ ਡਾਇਗਨੋਸਿਜ ਅਤੇ ਅਵੇਅਰਨੈੱਸ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।
4. 6 ਸਤੰਬਰ 2018 ਨੂੰ ਇਕਨਾਮਿਕਸ ਵਿਭਾਗ ਦੁਆਰਾ ਆਯੋਜਿਤ ਮੁਕਾਬਲੇ ਵਿੱਚ ਬਾਇਓਲੋਜੀ ਵਿਭਾਗ ਦੇ ਵਿਦਿਆਰਥੀ [illegible] ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।
5. 15 ਅਕਤੂਬਰ 2018 ਨੂੰ ਬੀ.ਐਸ.ਸੀ. ਮੈਡੀਕਲ ਭਾਗ ਤੀਜਾ ਦੇ ਵਿਦਿਆਰਥੀਆਂ ਨੇ "ਮੱਛੀ ਫਾਰਮ" ਫ਼ਰੀਦਕੋਟ ਵਿਖੇ 'ਵੂਮੈਨ ਫਾਰਮਰ ਡੇ" ਸਬੰਧੀ ਸੈਮੀਨਾਰ ਲਗਾਇਆ।

## ਗਣਿਤ ਵਿਭਾਗ-

1. ਗਣਿਤ ਵਿਭਾਗ ਦੁਆਰਾ ਭੇਜੀ ਗਈ ਕਲਾਸ ਬੀ.ਐਸ.ਸੀ.-1 (ਨਾਨ ਮੈਡੀਕਲ) ਦੇ ਵਿਦਿਆਰਥੀਆਂ ਦੀ ਟੀਮ ਨੇ 14 ਫ਼ਰਵਰੀ 2019 ਨੂੰ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿਖੇ ਕਰਵਾਏ ਗਏ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ ਅਤੇ 52 ਟੀਮਾਂ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ।
2. ਪ੍ਰੋ. ਨਵੀਨ ਜੈਨ, ਬੋਰਡ ਆਫ਼ ਸੋਸਲ ਸਾਇੰਸਜ਼ ਅਤੇ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਹਨ।

## ਖੇਤੀਬਾੜੀ ਵਿਭਾਗ-

1. ਬੀ.ਐਸ.ਸੀ.-4 (ਖੇਤੀਬਾੜੀ) ਦੀ ਵਿਦਿਆਰਥਣ ਰਾਧਿਕਾ ਨੇ ਬਾਬਾ ਫ਼ਰੀਦ ਕਾਲਜ ਦਿਓਣ (ਬਠਿੰਡਾ) ਵਿਖੇ **International Conference on Food Security** ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।
2. ਖੇਤੀਬਾੜੀ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਸ. ਹਰਪ੍ਰੀਤ ਸਿੰਘ ਨੇ ਆਪਣੀ ਉਚੇਰੀ ਸਿੱਖਿਆ ਪੀ.ਐਚ.ਡੀ. ਦੀ ਡਿਗਰੀ **Career Point University, Kota** ਤੋਂ ਜੂਨ 2018 ਵਿੱਚ ਪ੍ਰਾਪਤ ਕੀਤੀ।
3. ਬੀ.ਐਸ.ਸੀ. (ਖੇਤੀਬਾੜੀ) ਦੇ ਵਿਦਿਆਰਥੀਆਂ ਨੇ ਪ੍ਰੋ. ਹੁਸ਼ਿਆਰ ਸਿੰਘ ਸਰਾਂ, ਪ੍ਰੋ. ਰਾਜਬੀਰ ਕੌਰ, ਪ੍ਰੋ. ਦੀਪਇੰਦਰ ਕੌਰ, ਪ੍ਰੋ. ਹਰਪ੍ਰੀਤ ਸਿੰਘ, ਪ੍ਰੋ. ਜੋਤਮਨਿੰਦਰ ਸਿੰਘ, ਪ੍ਰੋ. ਹਰਪ੍ਰੀਤ ਕੌਰ ਦੀ ਅਗਵਾਈ ਵਿੱਚ 8 ਮਾਰਚ 2019 ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਫ਼ਰੀਦਕੋਟ ਵਿਖੇ ਕਿਸਾਨ ਮੇਲਾ ਤੇ ਲਿਜਾਇਆ ਗਿਆ ਜਿੱਥੇ ਵਿਦਿਆਰਥੀਆਂ ਨੇ ਖੇਤੀ ਸਬੰਧੀ ਵੱਖ-ਵੱਖ ਤਰ੍ਹਾਂ ਦੀਆਂ ਖੋਜਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕੀਤੀ।
4. ਨਵੇਂ ਬਣੇ ਖੇਤੀਬਾੜੀ ਵਿਭਾਗ (ਰੂਸਾ ਬਿਲਡਿੰਗ) ਦਾ ਉਦਘਾਟਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ 6 ਮਾਰਚ 2019 ਨੂੰ ਕੀਤਾ

ਗਿਆ।

- ਮਿਤੀ: 30-03-2019 ਨੂੰ ਪ੍ਰੋ. ਹੁਸ਼ਿਆਰ ਸਿੰਘ ਸਰਾਂ (ਮੁਖੀ, ਖੇਤੀਬਾੜੀ ਵਿਭਾਗ) ਦੀ ਅਗਵਾਈ ਹੇਠ ਪ੍ਰੋ. ਜੋਤਮਨਿੰਦਰ ਸਿੰਘ, ਪ੍ਰੋ. ਹਰਪ੍ਰੀਤ ਸਿੰਘ ਅਤੇ ਪ੍ਰੋ. ਰਾਜਵਿੰਦਰ ਕੌਰ ਦੀ ਨਿਗਰਾਨੀ ਅਧੀਨ ਬੀ.ਐਸ.ਸੀ.-3 (ਖੇਤੀਬਾੜੀ) ਦੇ ਵਿਦਿਆਰਥੀਆਂ ਦੇ ਪ੍ਰੈਕਟੀਕਲ ਕਰਵਾਉਣ ਸਬੰਧੀ ਵੇਰਕਾ ਡੇਅਰੀ ਪਲਾਂਟ ਬਠਿੰਡਾ ਵਿਖੇ ਲਿਜਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਦੇ ਡੇਅਰੀ ਵਿਸ਼ੇ ਦੇ ਪ੍ਰੈਕਟੀਕਲ ਕਰਵਾਏ ਗਏ ਅਤੇ ਇਨ੍ਹਾਂ ਦੀ ਜਾਣਕਾਰੀ ਵਿੱਚ ਵਾਧਾ ਕੀਤਾ ਗਿਆ।

## ਕੰਪਿਊਟਰ ਵਿਭਾਗ-

- ਪ੍ਰੋ. ਗੌਰਵ ਧਵਨ ਨੇ ਸਪੋਕਨ ਟਿਊਟੋਰੀਅਲ (ਆਈ.ਟੀ.) ਬੰਬਈ ਦੁਆਰਾ ਆਈ.ਟੀ./ਸਾਫਟਵੇਅਰ ਸਿਖਲਾਈ ਦੇ ਕੋਰਸ ਦੀ ਸ਼ੁਰੂਆਤ ਜਨਵਰੀ 2018 ਵਿੱਚ ਕੀਤੀ। ਇਸ ਕੋਰਸ ਦੀ ਆਨ ਲਾਈਨ ਪ੍ਰੀਖਿਆ ਆਯੋਜਿਤ ਕੀਤੀ ਗਈ।
- ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਦੇ ਹੁਕਮਾਂ ਅਨੁਸਾਰ ਕਾਲਜ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ **PMGDISHA & Digital Transaction** ਕਰਨ ਬਾਰੇ ਜਾਗਰੂਕ ਕਰਨ ਲਈ ਅਵੇਅਰਨੈੱਸ ਕੈਂਪ ਅਤੇ ਸੈਮੀਨਾਰ **CSC (Common Service Centre)** ਦੀ ਮਦਦ ਨਾਲ ਲਗਾਇਆ ਗਿਆ।
- ਪ੍ਰੋ. ਗੌਰਵ ਧਵਨ ਨੇ **"Data Mining Techniques and its Uses in different fields: A Review Paper"** ਪੇਪਰ ਛਾਪਿਆ।
- ਪ੍ਰੋ. ਗੁਰਬਖਸ਼ ਕੌਰ ਨੇ **NAAC** ਦੁਆਰਾ ਆਯੋਜਿਤ **IQAC** ਸਬੰਧੀ ਵਰਕਸ਼ਾਪ ਵਿੱਚ 12 ਅਕਤੂਬਰ 2018 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਭਾਗ ਲਿਆ।

## ਪੀ.ਟੀ.ਏ.-

ਕਾਲਜ ਵਿੱਚ ਮਾਪਿਆਂ ਅਤੇ ਅਧਿਆਪਕਾਂ ਦੀ ਸੰਸਥਾ ਪੀ.ਟੀ.ਏ. ਫੰਡ ਬੜਾ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਸੰਸਥਾ ਦੇ ਸ੍ਰੀ [illegible] ਸਿੰਘ (ਸੀਨੀਅਰ ਵਾਈਸ ਪ੍ਰਧਾਨ) ਹਨ ਅਤੇ ਸ਼ਹਿਰ ਦੀਆਂ ਕਈ ਸਨਮਾਨਯੋਗ ਹਸਤੀਆਂ ਇਸਦੇ ਐਗਜ਼ੈਕਟਿਵ ਮੈਂਬਰ ਹਨ। ਇਸ ਸੰਸਥਾ ਦਾ ਕਾਲਜ ਦੀਆਂ ਵਿਕਾਸਮਈ ਯੋਜਨਾਵਾਂ ਅਤੇ ਮਹੱਤਵਪੂਰਨ ਫ਼ੈਸਲੇ ਲੈਣ ਵਿੱਚ ਭਰਪੂਰ ਸਾਥ ਰਿਹਾ ਹੈ।

## ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ-

ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਫ਼ਰੀਦਕੋਟ ਵੱਲੋਂ ਚਲਾਈ ਮੁਹਿੰਮ ਤਹਿਤ "ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ" ਕਾਰਜਸ਼ੀਲ ਹੈ। ਇਸ ਕਲੱਬ ਵਿੱਚ 100 ਲੜਕੇ ਅਤੇ ਲੜਕੀਆਂ ਮੈਂਬਰ ਬਣੇ ਹੋਏ ਹਨ ਜਿਹਨਾਂ ਦੇ ਕੋਆਰਡੀਨੇਟਰ ਡਾ. ਪਰਮਿੰਦਰ ਸਿੰਘ, ਇੰਚਾਰਜ ਪ੍ਰੋ. [illegible] ਸਿੰਘ, ਪ੍ਰੋ. ਪਰਮਜੀਤ ਕੌਰ, ਪ੍ਰੋ. ਜੈਸਮੀਨ ਵਾਲੀਆ ਅਤੇ ਪ੍ਰੋ. ਗੁਰਲਾਲ ਸਿੰਘ ਹਨ। 24 ਜਨਵਰੀ 2019 ਨੂੰ "ਬੇਟੀ ਬਚਾਓ-ਬੇਟੀ ਪੜ੍ਹਾਓ" ਹਫ਼ਤਾਵਾਰ ਮੁਹਿੰਮ ਤਹਿਤ ਸ੍ਰੀਮਤੀ ਹਰਗੁਰਜੀਤ ਕੌਰ, ਸੀ.ਜੇ.ਐਮ.-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਵੱਲੋਂ ਸਰਕਾਰ ਦੁਆਰਾ ਔਰਤਾਂ ਦੀ ਭਲਾਈ ਸੰਬੰਧੀ ਸਕੀਮਾਂ/ਕਾਨੂੰਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

9 ਨਵੰਬਰ 2018 ਨੂੰ ਲੀਗਲ ਸਰਵਸਿਜ਼ ਦਿਵਸ ਮਨਾਇਆ ਗਿਆ ਜਿਸ ਵਿੱਚ ਪ੍ਰੋ. (ਡਾ.) ਪਰਮਿੰਦਰ ਸਿੰਘ ਨੇ ਲੀਗਲ ਲਿਟਰੇਸੀ ਕਲੱਬ ਦੀਆਂ ਗਤੀਵਿਧੀਆਂ ਸਬੰਧੀ ਵਲੰਟੀਅਰਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

## ਰੈੱਡ ਰਿਬਨ ਕਲੱਬ-

ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਾਲਜ ਦੇ ਪ੍ਰਿੰਸੀਪਲ ਸ. ਸਤਨਾਮ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਚਾਰ ਰੈੱਡ ਰਿਬਨ ਕਲੱਬ ਕਾਰਜਸ਼ੀਲ ਹਨ। ਇਹਨਾਂ ਦੇ ਕੋਆਰਡੀਨੇਟਰ ਪ੍ਰੋ. (ਡਾ.) ਪਰਮਿੰਦਰ ਸਿੰਘ, ਇੰਚਾਰਜ- ਪ੍ਰੋ. ਮਨਿੰਦਰ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਸੁਖਜੀਤ ਸਿੰਘ ਅਤੇ ਪ੍ਰੋ. ਅਰਮਿੰਦਰ ਸਿੰਘ ਹਨ। ਇਹਨਾਂ ਚਾਰਾਂ ਕਲੱਬਾਂ ਵਿੱਚ 30 ਪੀਅਰ ਐਜੂਕੇਟਰ (ਪ੍ਰਤੀ ਕਲੱਬ) ਕੁੱਲ 120 ਪੀਅਰ ਐਜੂਕੇਟਰ ਲੜਕੀਆਂ ਅਤੇ ਲੜਕੇ ਲਏ ਹਨ।

- 21 ਜੂਨ 2018 ਨੂੰ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।
- ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ 20 ਜੁਲਾਈ 2018 ਤੋਂ 30 ਜੁਲਾਈ 2018 ਤੱਕ ਹਾਈਕਿੰਗ ਟ੍ਰੈਕਿੰਗ, ਯੂਥ ਲੀਡਰਸ਼ਿਪ ਅਤੇ ਇੰਟਰ ਸਟੇਟ ਟੂਰਜ਼ਿਮ ਕੈਂਪ ਨਗਰ (ਹਿਮਾਚਲ ਪ੍ਰਦੇਸ਼) ਵਿਖੇ 8 ਵਿਦਿਆਰਥੀਆਂ ਨੇ ਭਾਗ ਲਿਆ।
- 14 ਅਗਸਤ 2018 ਨੂੰ ਆਜ਼ਾਦੀ ਦਿਵਸ ਮੌਕੇ "ਸਵੱਛ ਭਾਰਤ-ਸਵੱਸਥ ਭਾਰਤ" ਪੰਦਰਵਾੜੇ ਦੀ ਸਮਾਪਤੀ ਮੌਕੇ ਸਭਨਾਂ ਨੂੰ ਸਹੁੰ ਚੁਕਾਈ ਗਈ।
- 31 ਅਕਤੂਬਰ 2018 ਨੂੰ ਸਰਦਾਰ ਵੱਲਭ ਭਾਈ ਪਟੇਲ ਦਾ ਜਨਮ ਦਿਹਾੜਾ ਮਨਾਇਆ ਗਿਆ।
- 1 ਨਵੰਬਰ 2018 ਨੂੰ ਕੂਕਾ ਅੰਦੋਲਨ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ 201ਵਾਂ ਪ੍ਰਕਾਸ਼ ਦਿਹਾੜਾ ਸ਼ਾਨੋਂ-ਸ਼ੌਕਤ ਨਾਲ ਮਨਾਇਆ ਗਿਆ।
- 10 ਨਵੰਬਰ 2018 ਨੂੰ ਕੌਮੀ ਕੈਂਸਰ ਦਿਵਸ ਮਨਾਇਆ ਗਿਆ।
- 1 ਦਸੰਬਰ 2018 ਨੂੰ 'ਏਡਜ਼ ਦਿਵਸ' ਮੌਕੇ ਡਾ. ਪਰਮਿੰਦਰ ਸਿੰਘ ਨੇ ਏਡਜ਼ ਦੇ ਲੱਛਣਾਂ, ਕਾਰਨਾਂ ਅਤੇ ਉਪਾਅ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।

## ਡਿਜਾਸਟਰ ਮੈਨੇਜਮੈਂਟ ਕਲੱਬ-

ਕਾਲਜ ਵਿੱਚ ਸਥਾਪਿਤ ਡਿਜਾਸਟਰ ਮੈਨੇਜਮੈਂਟ ਕਲੱਬ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਕੁਦਰਤੀ ਆਫ਼ਤਾਂ ਜਾਂ ਡਿਜਾਸਟਰ ਜਿਵੇਂ ਕਿ ਭੂਚਾਲ, ਤੂਫ਼ਾਨ, ਸੁਨਾਮੀ, ਅਚਾਨਕ ਹਫ਼ੜਾ-ਦਫ਼ੜੀ ਸਮੇਂ ਸਾਡੀ ਸਭਨਾਂ ਦੀ ਬਤੌਰ ਚੰਗੇ ਨਾਗਰਿਕ ਕੀ-ਕੀ ਜ਼ਿੰਮੇਵਾਰੀ ਬਣਦੀ ਹੈ ਜਾਂ ਸਾਡਾ ਕੀ ਰੋਲ ਬਣਦਾ ਹੈ, ਸੰਬੰਧੀ ਸਮੇਂ-ਸਮੇਂ 'ਤੇ ਸੈਮੀਨਾਰ ਆਯੋਜਿਤ ਕਰਕੇ ਸਭਨਾਂ ਨੂੰ ਜਾਗਰੂਕ ਅਤੇ ਉਤਸ਼ਾਹਿਤ ਕਰਨਾ ਹੈ।

## ਯੂਥ ਰੈੱਡ ਕਰਾਸ ਯੂਨਿਟ-

ਕਾਲਜ ਵਿੱਚ ਰੈੱਡ ਕਰਾਸ ਅਧੀਨ ਲੜਕੇ ਅਤੇ ਲੜਕੀਆਂ ਦਾ ਇੱਕ-ਇੱਕ ਯੂਨਿਟ ਚੱਲ ਰਿਹਾ ਹੈ। ਦੋਨਾਂ ਯੂਨਿਟਾਂ ਵਿੱਚ ਲਗਭਗ 50-50 ਵਲੰਟੀਅਰ ਹਨ। ਯੂਥ ਰੈੱਡ ਕਰਾਸ ਦੇ ਕਨਵੀਨਰ ਵਜੋਂ ਪ੍ਰੋ. (ਡਾ.) ਵੰਦਨਾ ਗੋਇਲ ਅਤੇ ਸਹਾਇਕ ਪ੍ਰੋਗਰਾਮ ਅਫ਼ਸਰ ਵਜੋਂ ਪ੍ਰੋ. (ਡਾ.) ਤਰਨਦੀਪ ਕੌਰ, ਪ੍ਰੋ. (ਡਾ.) ਕੁਸੁਮ ਮਹੇਸ਼ਵਰੀ ਅਤੇ ਪ੍ਰੋ. ਗੁਰਲਾਲ ਸਿੰਘ ਕੰਮ ਕਰ ਰਹੇ ਹਨ। ਕਾਲਜ ਦੇ ਸਲਾਨਾ ਖੇਡ ਸਮਾਰੋਹ ਜੋ ਕਿ ਮਿਤੀ 22-23 ਫ਼ਰਵਰੀ 2019 ਨੂੰ ਨਹਿਰੂ ਸਟੇਡੀਅਮ ਵਿਖੇ ਹੋਇਆ, ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਫ਼ਸਟ ਏਡ ਦੇਣ ਦੀ ਸੇਵਾ ਨਿਭਾਈ ਗਈ।

## ਰਾਸ਼ਟਰੀਯ ਉੱਚਤਰ ਸ਼ਿਕਸ਼ਾ ਅਭਿਆਨ (RUSA)-

ਰੂਸਾ ਕੋਆਰਡੀਨੇਟਰ ਪ੍ਰੋ. (ਡਾ.) ਨਿਰਵਰਿੰਦਰ ਕੌਰ ਸੰਧੂ ਦੀ ਦੇਖ-ਰੇਖ ਅਧੀਨ ਰੂਸਾ ਕਮੇਟੀ ਦੇ ਕੁਸ਼ਲ ਅਤੇ ਸੁਚੱਜੇ ਯਤਨਾਂ [illegible] 2018-19 ਦੌਰਾਨ ਰੂਸਾ ਬਲਾਕ ਦੀ ਨਵੀਂ ਬਿਲਡਿੰਗ ਦਾ ਨਿਰਮਾਣ ਕਾਰਜ ਪੀ.ਡਬਲਿਯੂ.ਡੀ. ਫ਼ਰੀਦਕੋਟ ਵੱਲੋਂ ਮੁਕੰਮਲ [illegible] ਗਿਆ। ਇਸ ਬਿਲਡਿੰਗ ਉੱਪਰ ਰੂਸਾ ਪ੍ਰੋਜੈਕਟ ਦੀ ਇਨਫਰਾਸਟ੍ਰੱਕਚਰ ਗ੍ਰਾਂਟ ਵਿੱਚੋਂ 61,85,868/-ਰੁਪਏ ਖ਼ਰਚ ਕੀਤੇ ਗਏ। ਇਸ ਤੋਂ ਇਲਾਵਾ ਰੂਸਾ ਪ੍ਰੋਜੈਕਟ ਅਧੀਨ ਕਾਲਜ ਦੇ ਫ਼ਿਜ਼ਿਕਸ ਵਿਭਾਗ, ਕਮਿਸਟਰੀ ਵਿਭਾਗ ਅਤੇ ਬਾਇਓਲੋਜੀ ਵਿਭਾਗ ਦੀ ਰੈਨੋਵੇਸ਼ਨ [illegible] ਪੀ.ਡਬਲਿਯੂ.ਡੀ. ਵਿਭਾਗ ਫ਼ਰੀਦਕੋਟ ਵੱਲੋਂ ਰੈਨੋਵੇਸ਼ਨ ਦਾ ਐਸਟੀਮੇਟ ਤਿਆਰ ਕਰਵਾਇਆ ਜਾ ਰਿਹਾ ਹੈ। 3 ਫ਼ਰਵਰੀ 2019 ਨੂੰ [illegible] ਮੰਤਰੀ ਨਰਿੰਦਰ ਮੋਦੀ ਜੀ ਦੁਆਰਾ ਦਿੱਤੇ ਭਾਸ਼ਣ ਦਾ ਸਿੱਧਾ ਪ੍ਰਸਾਰਣ ਕਾਲਜ ਵਿਖੇ ਕਰਵਾਇਆ।

## ਫਿਨਿਸ਼ਿੰਗ ਸਕੂਲ-

ਰੂਸਾ ਪ੍ਰੋਜੈਕਟ ਅਧੀਨ ਕਾਲਜ ਵਿੱਚ ਫਿਨਿਸ਼ਿੰਗ ਸਕੂਲ ਦੀਆਂ ਕਲਾਸਾਂ ਚੱਲ ਰਹੀਆਂ ਹਨ ਜਿਸਦੇ ਕਨਵੀਨਰ ਪ੍ਰੋ. (ਡਾ) [illegible] ਕੌਰ ਸੰਧੂ ਅਤੇ ਪੰਜ ਟ੍ਰੇਨਰ- ਪ੍ਰੋ. ਵਰਿੰਦਰ ਮੱਕੜ, ਪ੍ਰੋ. ਮਨਿੰਦਰ ਕੌਰ, ਪ੍ਰੋ. ਅਰਮਿੰਦਰ ਸਿੰਘ, ਪ੍ਰੋ. ਨਵਦੀਪ ਸਿੰਘ ਅਤੇ ਪ੍ਰੋ. [illegible] ਸਿੰਘ ਹਨ। ਇਸ ਕੋਰਸ ਵਿੱਚ ਬੀ.ਐਸ.ਸੀ. ਭਾਗ ਤੀਜਾ (ਮੈਡੀਕਲ) ਦੇ 40 ਵਿਦਿਆਰਥੀ ਰਜਿਸਟਰਡ ਹਨ ਜਿਹਨਾਂ ਨੂੰ Soft Skill and Communication Skill ਆਦਿ ਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ-

[illegible] ਫ਼ਰਵਰੀ 2019 ਨੂੰ ਕਾਲਜ ਵਿੱਚ ਨੈਤਿਕ ਸਿੱਖਿਆ ਇਮਤਿਹਾਨ ਕਰਵਾਇਆ ਗਿਆ। ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ 111 ਵਿਦਿਆਰਥੀਆਂ ਨੇ ਇਸ ਪ੍ਰੀਖਿਆਂ ਵਿੱਚ ਭਾਗ ਲਿਆ ਅਤੇ ਕਾਲਜ ਦੇ 7 ਵਿਦਿਆਰਥੀਆਂ ਨੇ ਮੈਰਿਟ ਵਿੱਚ ਸਥਾਨ ਹਾਸਲ ਕੀਤਾ। 8 [illegible] 2019 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਦੇਸ਼ ਯੂਨੀਵਰਸਿਟੀ ਬਠਿੰਡਾ ਵਿਖੇ ਅੰਤਰ ਕਾਲਜ ਯੁਵਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ 17 ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਪ੍ਰਸ਼ਨੋਤਰੀ ਮੁਕਾਬਲੇ [illegible] ਸਿੰਘ ਅਤੇ ਰਮਣੀਕ ਕੌਰ ਨੇ ਪਹਿਲਾ ਸਥਾਨ, ਦਸਤਾਰ ਸਜਾਉਣ ਮੁਕਾਬਲੇ ਵਿੱਚ ਜਸਵਿੰਦਰ ਸਿੰਘ ਅਤੇ ਜਨਰਲ ਸਿੰਘ ਨੇ [illegible] ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚ ਰਸ਼ਪਿੰਦਰ ਕੌਰ ਨੇ ਵਿਸ਼ੇਸ਼ ਸਥਾਨ ਅਤੇ ਨਾਅਰੇ [illegible] ਮੁਕਾਬਲੇ ਵਿੱਚ ਅੰਕਿਤਾ ਅਤੇ ਮਨਜੋਤ ਕੌਰ ਨੇ ਕ੍ਰਮਵਾਰ ਤੀਜਾ ਅਤੇ ਚੌਥਾ ਸਥਾਨ ਪ੍ਰਾਪਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ [illegible] ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਾਲਜ ਦੇ ਸਟੱਡੀ ਸਰਕਲ ਯੂਨਿਟ ਵੱਲੋਂ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾ. [illegible] ਸਿੰਘ ਪੰਜਾਬ ਖੇਤੀਬਾੜੀ ਵਿਭਾਗ ਵੱਲੋਂ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਗਈ। ਇਸ ਦੇ ਕਨਵੀਨਰ ਪ੍ਰੋ. (ਡਾ.) ਗਗਨਦੀਪ [illegible] ਵਿਭਾਗ ਹਨ।

## ਕਾਲਜ ਬਿਊਟੀਫਿਕੇਸ਼ਨ ਵਿਭਾਗ-

ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮ ਦੇ ਲਗਭਗ 1500 ਬੂਟੇ ਲੱਗੇ ਹਨ ਜੋ ਕਿ ਕਾਲਜ ਕੈਂਪਸ ਨੂੰ ਈਕੋ-ਫਰੈਂਡਲੀ ਬਣਾਉਂਦੇ ਹਨ [illegible] ਸੁੰਦਰ ਦਿੱਖ ਪ੍ਰਦਾਨ ਕਰਦੇ ਹਨ। ਕਾਲਜ ਦੀ ਬਿਊਟੀਫਿਕੇਸ਼ਨ ਕਮੇਟੀ ਵੱਲੋਂ ਸਮੇਂ-ਸਮੇਂ ਤੇ ਫ਼ਲਦਾਰ ਅਤੇ ਮੌਸਮੀ ਫੁੱਲਾਂ ਦੇ ਬੂਟੇ [illegible] ਜਾਂਦੇ ਹਨ। ਇਸ ਤੋਂ ਇਲਾਵਾ ਪੁਰਾਣੇ ਦਰੱਖ਼ਤਾਂ ਅਤੇ ਬੂਟਿਆਂ ਦੀ ਸਾਂਭ-ਸੰਭਾਲ ਵੀ ਕੀਤੀ ਜਾਂਦੀ ਹੈ।

## ਬੱਡੀ ਗਰੁੱਪਜ਼-

ਸਿਹਤਮੰਦ ਮਿਸ਼ਨ ਪੰਜਾਬ ਤਹਿਤ ਕਾਲਜ ਵਿੱਚ 3100 ਵਿਦਿਆਰਥੀਆਂ ਦੇ ਲਗਭਗ 62 ਬੱਡੀ ਗਰੁੱਪ (ਪ੍ਰਤੀ ਗਰੁੱਪ 5 ਵਿਦਿਆਰਥੀ) ਅਤੇ 10 ਗਰੁੱਪਾਂ 'ਤੇ ਇੱਕ ਅਧਿਆਪਕ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਹਰ ਹਫ਼ਤੇ ਵਿੱਚ ਇੱਕ ਦਿਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ, ਪਿੰਡਾਂ, ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

## ਹੋਸਟਲ (ਲੜਕੇ)-

ਕਾਲਜ ਵਿੱਚ ਦੂਰ-ਦੁਰਾਡੇ ਅਤੇ ਬਾਹਰੀ ਰਾਜਾਂ ਤੋਂ ਕੋਰਸਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਲੰਮੇਂ ਸਮੇਂ ਤੋਂ ਹੋਸਟਲ ਦੀ ਸਹੂਲਤ ਦਿੱਤੀ ਜਾਂਦੀ ਹੈ। ਕਾਲਜ ਹੋਸਟਲ ਵਿੱਚ ਹਰ ਸਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਂਦੇ ਹਨ। ਇਸ ਸਾਲ ਵੀ 6-7-8 ਮਾਰਚ 2019 ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਜਿਸ ਵਿੱਚ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਤੋਂ ਇਲਾਵਾ ਪੁਰਾਣੇ ਵਿਦਿਆਰਥੀ, ਸੇਵਾ-ਮੁਕਤ ਅਧਿਆਪਕ, ਕਰਮਚਾਰੀ ਅਤੇ ਇਲਾਕਾ ਨਿਵਾਸੀਆਂ ਨੇ ਵੱਧ-ਚੜ੍ਹ ਕੇ ਹਾਜ਼ਰੀ ਲਗਵਾਈ। ਇਹ ਸਮਾਗਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਨੂੰ ਸਮਰਪਿਤ ਕੀਤਾ ਗਿਆ।

ਮੁੱਖ ਮਹਿਮਾਨ ਜੀਓ !

ਸਾਡੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਦੀ ਸੂਚੀ ਬਹੁਤ ਲੰਮੀ ਅਤੇ ਗੌਰਵਸ਼ਾਲੀ ਹੈ। ਕੁੱਝ ਹੀ ਦੇਰ ਬਾਅਦ ਵੱਖ-ਵੱਖ ਖੇਤਰਾਂ ਵਿੱਚ ਬਹੁਮੁੱਲੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਤੁਹਾਡੇ ਸਨਮੁੱਖ ਪੇਸ਼ ਹੋਣਗੇ। ਅੰਤ ਵਿੱਚ ਮੈਂ ਉਨ੍ਹਾਂ ਸਾਰੇ ਸਤਿਕਾਰਿਤ ਮਹਿਮਾਨਾਂ, ਇਨਾਮ ਜੇਤੂ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸ਼ੁੱਭ-ਚਿੰਤਕਾਂ ਪ੍ਰਤੀ ਵੀ ਆਦਰ ਭਾਵ ਪ੍ਰਗਟ ਕਰਦਾ ਹਾਂ ਜੋ ਸਾਡੇ ਸੱਦੇ 'ਤੇ ਇੱਥੇ ਪਹੁੰਚੇ ਹਨ। ਆਪਣੇ ਕਾਲਜ ਦੇ ਵਚਨਬੱਧ ਅਧਿਆਪਕਾਂ, ਸਮੂਹ ਦਰਜਾ ਤਿੰਨ ਕਰਮਚਾਰੀਆਂ ਅਤੇ ਦਰਜਾ ਚਾਰ ਨਾਲ ਸੰਬੰਧਿਤ ਸੇਵਾਦਾਰਾਂ ਦਾ ਵੀ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਅੱਜ ਦੇ ਸਮਾਗਮ ਨੂੰ ਖ਼ੂਬਸੂਰਤ ਬਣਾਉਣ ਵਿੱਚ ਸ਼ਾਮਲ ਅਧਿਕਾਰੀਆਂ ਅਤੇ ਬੱਚਿਆਂ ਨੇ ਜੋ ਭੂਮਿਕਾ ਨਿਭਾਈ ਅਤੇ ਨਿਭਾਉਣੀ ਹੈ, ਉਸ ਲਈ ਮੈਂ ਉਹਨਾਂ ਦਾ ਵੀ ਸ਼ੁਕਰਗੁਜ਼ਾਰ ਹਾਂ। ਸਭ ਦਾ ਬਹੁਤ-ਬਹੁਤ ਧੰਨਵਾਦ ।

(ਸਤਨਾਮ ਸਿੰਘ)
ਪ੍ਰਿੰਸੀਪਲ


# ਰੋਲ ਆਫ਼ ਆਨਰ ਅਤੇ ਕਾਲਜ ਕਲਰ (ਖੇਡਾਂ) 2018-19



**ਅਨਮੋਲ ਸਿੰਘ, ਬੀ.ਐਸ.ਸੀ.-1 (ਐਗਰੀ.), (4473)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਐਥਲੈਟਿਕਸ
ਮੁਕਾਬਲੇ ਵਿੱਚ 400 ਮੀਟਰ ਫਲੈਟ ਦੂਜਾ ਸਥਾਨ
400 ਮੀਟਰ ਹਰਡਲਜ ਪਹਿਲਾ ਸਥਾਨ
ਆਲ ਇੰਡੀਆ ਅੰਤਰ ਯੂਨੀਵਰਸਿਟੀ (Participation)
'ਖੇਲੋ ਇੰਡੀਆ ਯੂਥ ਗੇਮਜ਼-2019' 400 ਮੀਟਰ ਫਲੈਟ ਦੂਜਾ ਸਥਾਨ
ਕਾਲਜ ਬੈਸਟ ਐਥਲੀਟ 2018-19



**ਬਲਰਾਮ ਸਿੰਘ, ਐਮ.ਏ. (ਅਰਥਸ਼ਾਸਤਰ)-1 (3561)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਹੈਂਡਬਾਲ ਮੁਕਾਬਲੇ ਵਿੱਚ
ਕਾਲਜ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
ਨਾਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਅਤੇ
ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ,
ਸੀਨੀਅਰ ਸਟੇਟ ਮੁਕਾਬਲੇ ਵਿੱਚ ਭਾਗ ਲਿਆ



**ਸੁਖਜੀਤ ਸਿੰਘ, ਬੀ.ਐਸ.ਸੀ.-3 (ਖੇਤੀਬਾੜੀ) (4663)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਹੈਂਡਬਾਲ ਮੁਕਾਬਲੇ ਵਿੱਚ
ਕਾਲਜ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
ਨਾਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ,
ਸੀਨੀਅਰ ਸਟੇਟ ਮੁਕਾਬਲੇ ਵਿੱਚ ਭਾਗ ਲਿਆ



**ਹਰਸ਼ਪ੍ਰੀਤ ਸਿੰਘ, ਬੀ.ਏ.-1 (496)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਹੈਂਡਬਾਲ ਮੁਕਾਬਲੇ ਵਿੱਚ
ਕਾਲਜ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
ਨਾਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ
ਪ੍ਰਾਪਤ ਕੀਤਾ,
ਸੀਨੀਅਰ ਸਟੇਟ ਮੁਕਾਬਲੇ ਵਿੱਚ ਭਾਗ ਲਿਆ

# ਰੋਲ ਆਫ਼ ਆਨਰ 2017-18



**ਗੁਰਜੋਬਨ ਸਿੰਘ, ਬੀ.ਐਸ.ਸੀ.-1 (ਖੇਤੀਬਾੜੀ) (4656)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਹੈਂਡਬਾਲ ਮੁਕਾਬਲੇ ਵਿੱਚ ਟੀਮ
ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।
ਨਾਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਚੌਥਾ ਸਥਾਨ ਅਤੇ
ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ
ਪ੍ਰਾਪਤ ਕੀਤਾ।
ਸੀਨੀਅਰ ਸਟੇਟ ਮੁਕਾਬਲੇ ਵਿੱਚ ਭਾਗ ਲਿਆ



**ਅਕਾਸ਼ਦੀਪ ਸਿੰਘ, ਬੀ.ਐਸ.ਸੀ.-1 (ਖੇਤੀਬਾੜੀ) (4653)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਹੈਂਡਬਾਲ ਮੁਕਾਬਲੇ ਵਿੱਚ ਟੀਮ
ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।
ਨਾਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਚੌਥਾ ਸਥਾਨ ਅਤੇ
ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ
ਪ੍ਰਾਪਤ ਕੀਤਾ।
ਸੀਨੀਅਰ ਸਟੇਟ ਮੁਕਾਬਲੇ ਵਿੱਚ ਭਾਗ ਲਿਆ

# ਰੋਲ ਆਫ਼ ਆਨਰ 2016-17



**ਸਤਿੰਦਰ ਸਿੰਘ, ਬੀ.ਐਸ.ਸੀ.-III (ਐਗਰੀ.), (4459)**
ਨਾਰਥ ਜ਼ੋਨ, ਅੰਤਰ ਯੂਨੀਵਰਸਿਟੀ ਪੱਧਰ, ਪਹਿਲਾ ਸਥਾਨ ਆਲ
ਇੰਡੀਆ ਅੰਤਰ ਯੂਨੀਵਰਸਿਟੀ ਪੱਧਰ, ਦੂਜਾ ਸਥਾਨ (ਹੈਂਡਬਾਲ)



**ਲਵਪ੍ਰੀਤ ਸਿੰਘ ਸੰਧੂ, ਬੀ.ਐਸ.ਸੀ.-III (ਐਗਰੀ.), (4654)**
ਨਾਰਥ ਜ਼ੋਨ, ਅੰਤਰ ਯੂਨੀਵਰਸਿਟੀ ਪੱਧਰ, ਪਹਿਲਾ ਸਥਾਨ
ਆਲ ਇੰਡੀਆ ਅੰਤਰ ਯੂਨੀਵਰਸਿਟੀ ਪੱਧਰ, ਦੂਜਾ ਸਥਾਨ (ਹੈਂਡਬਾਲ)



**ਗੁਰਲਵਲੀਨ ਸਿੰਘ, ਬੀ.ਕਾਮ-3 (3960)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਗੱਤਕਾ ਮੁਕਾਬਲੇ
ਫਰੀ ਸੋਟੀ ਪਹਿਲਾ ਸਥਾਨ, ਸਿੰਗਲ ਸੋਟੀ, ਦੂਜਾ ਸਥਾਨ
ਆਲ ਇੰਡੀਆ ਅੰਤਰ ਯੂਨੀਵਰਸਿਟੀ ਸਿੰਗਲ ਸੋਟੀ ਦੂਜਾ ਸਥਾਨ,
ਪੰਜਾਬੀ ਯੂਨੀਵਰਸਿਟੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ



**ਨਿਰਮਲ ਸਿੰਘ, ਬੀ.ਏ.-3 (2408)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਗੱਤਕਾ ਮੁਕਾਬਲੇ
ਆਲ ਇੰਡੀਆ ਅੰਤਰ ਯੂਨੀਵਰਸਿਟੀ (Participation)
ਸੀਨੀਅਰ ਸਟੇਟ ਤਾਈਕਵਾਂਡੋ ਚੈਂਪੀਅਨਸ਼ਿਪ ਪਹਿਲਾ ਸਥਾਨ
ਸੀਨੀਅਰ ਨੈਸ਼ਨਲ ਪਹਿਲਾ ਸਥਾਨ
ਇੰਡੀਅਨ ਓਪਨ ਚੈਂਪੀਅਨਸ਼ਿਪ ਪਹਿਲਾ ਸਥਾਨ



**ਗੁਰਬੀਰ ਸਿੰਘ, ਬੀ.ਏ.-1 (918)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਤਾਈਕਵਾਂਡੋ ਪਹਿਲਾ ਸਥਾਨ
ਸੀਨੀਅਰ ਸਟੇਟ ਚੈਂਪੀਅਨਸ਼ਿਪ ਪਹਿਲਾ ਸਥਾਨ
ਸੀਨੀਅਰ ਨੈਸ਼ਨਲ (Participation)
ਇੰਡੀਅਨ ਓਪਨ ਚੈਂਪੀਅਨਸ਼ਿਪ ਤੀਜਾ ਸਥਾਨ



**ਮਨਪ੍ਰੀਤ ਕੌਰ, ਬੀ.ਏ.-1 (230)**
ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਤਾਈਕਵਾਂਡੋ ਪਹਿਲਾ ਸਥਾਨ
ਆਲ ਇੰਡੀਆ ਅੰਤਰ ਯੂਨੀਵਰਸਿਟੀ ਤੀਜਾ ਸਥਾਨ
ਸੀਨੀਅਰ ਸਟੇਟ ਚੈਂਪੀਅਨਸ਼ਿਪ ਪਹਿਲਾ ਸਥਾਨ
ਜੂਨੀਅਰ ਸੀਨੀਅਰ ਨੈਸ਼ਨਲ ਤੀਜਾ ਸਥਾਨ


# ਰੋਲ ਆਫ ਆਨਰ (ਅਕਾਦਮਿਕ)



ਸ਼੍ਰਿਸ਼ਟੀ ਜੈਨ
ਬੀ.ਐਸ.ਸੀ.-III
ਮਈ 2018
ਯੂਨੀ. ਮੈਰਿਟ-ਚੌਥਾ ਸਥਾਨ



ਵੈਸ਼ਾਲੀ ਗੁਪਤਾ
ਬੀ.ਐਸ.ਸੀ.-III (ਮੈਥ)
ਮਈ 2018
ਯੂਨੀ. ਮੈਰਿਟ-ਪਹਿਲਾ ਸਥਾਨ



ਜਸ਼ਨਪ੍ਰੀਤ ਕੌਰ
ਬੀ.ਐਸ.ਸੀ. ਖੇਤੀਬਾੜੀ-ਸਮੈ. VI
ਮਈ 2018
ਯੂਨੀ. ਮੈਰਿਟ-ਪਹਿਲਾ ਸਥਾਨ



ਮਨਪ੍ਰੀਤ ਸਿੰਘ
ਬੀ.ਐਸ.ਸੀ. ਖੇਤੀਬਾੜੀ-ਸਮੈ. VI
ਮਈ 2018
ਯੂਨੀ. ਮੈਰਿਟ-ਦੂਜਾ ਸਥਾਨ



ਗਨੀਮਤ ਬਰਾੜ
ਬੀ.ਐਸ.ਸੀ. ਖੇਤੀਬਾੜੀ-ਸਮੈ. VI
ਮਈ 2017
ਯੂਨੀ. ਮੈਰਿਟ- ਚੌਥਾ ਸਥਾਨ



ਅਪਨਜੋਤ ਕੌਰ
ਬੀ.ਐਸ.ਸੀ. ਖੇਤੀਬਾੜੀ-ਸਮੈ. IV
ਮਈ 2017
ਯੂਨੀ. ਮੈਰਿਟ- ਪਹਿਲਾ ਸਥਾਨ



ਕਰਨਪ੍ਰੀਤ ਕੌਰ
ਬੀ.ਐਸ.ਸੀ. ਖੇਤੀਬਾੜੀ-ਸਮੈ. IV
ਮਈ 2017
ਯੂਨੀ. ਮੈਰਿਟ- ਤੀਜਾ ਸਥਾਨ



ਰਵਿੰਦਰ ਸਿੰਘ
ਬੀ.ਐਸ.ਸੀ. ਖੇਤੀਬਾੜੀ-ਸਮੈ. IV
ਮਈ 2017
ਯੂਨੀ. ਮੈਰਿਟ- ਚੌਥਾ ਸਥਾਨ



ਪਲਵੀ
ਬੀ.ਐਸ.ਸੀ. ਖੇਤੀਬਾੜੀ-ਸਮੈ. II
ਮਈ 2017
ਯੂਨੀ. ਮੈਰਿਟ- ਪਹਿਲਾ ਸਥਾਨ



ਮੰਕਲ
ਬੀ.ਐਸ.ਸੀ. ਖੇਤੀਬਾੜੀ-ਸਮੈ. II
ਮਈ 2017
ਯੂਨੀ. ਮੈਰਿਟ- ਦੂਜਾ ਸਥਾਨ



ਮਨਪ੍ਰੀਤ ਕੌਰ
ਬੀ.ਐਸ.ਸੀ. ਖੇਤੀਬਾੜੀ-ਸਮੈ. II
ਮਈ 2017
ਯੂਨੀ. ਮੈਰਿਟ- ਪੰਜਵਾਂ ਸਥਾਨ



ਜਸਵਿੰਦਰ ਕੌਰ
ਐਮ.ਏ. ਇਕਨਾਮਿਕਸ-I
ਮਈ 2016
ਯੂਨੀ. ਮੈਰਿਟ- ਦੂਜਾ ਸਥਾਨ



ਸਾਕਸ਼ੀ ਸਿੰਗਲ
ਬੀ.ਕਾਮ-I
ਮਈ 2014
ਯੂਨੀ. ਮੈਰਿਟ- ਚੌਥਾ ਸਥਾਨ

the print excel SUMEET #99881-00088

# ਸਰਕਾਰੀ ਬ੍ਰਿਜਿੰਦਰਾ ਕਾਲਜ

## ਫਰੀਦਕੋਟ

ਸਥਾਪਨਾ-1942

ਨੈਕ ਐਕਰੈਡਿਟਡ 'ਏ ਗਰੇਡ'

## ਸਲਾਨਾ ਰਿਪੋਰਟ 2021-22





**ਸ. ਤੇਜਿੰਦਰ ਸਿੰਘ ਮੌੜ**
D.I.G., Prisons
ਫਿਰਜ਼ਪੁਰ ਸਰਕਲ
ਮੁੱਖ ਮਹਿਮਾਨ



**ਡਾ. ਸੁਰਜੀਤ ਸਿੰਘ** ਪੀ.ਈ.ਐੱਸ.-1
ਕਲਸਟਰ ਇੰਚਾਰਜ ਬਠਿੰਡਾ ਜ਼ੋਨ
ਪ੍ਰਿੰਸੀਪਲ,
ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ।



**ਡਾ. ਪਰਮਿੰਦਰ ਸਿੰਘ** ਪੀ.ਈ.ਐੱਸ.-1
ਪ੍ਰਿੰਸੀਪਲ,
ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ।

# ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥

ਭਰਿ ਸਰਵਰੁ ਜਬ ਊਛਲੈ ਤਬ ਤਰਣ ਦੁਹੇਲਾ ॥

ਹਥੁ ਨ ਲਾਇ ਕੁਸੰਭੜੇ ਜਲਿ ਜਾਸੀ ਢੋਲਾ ॥ ਰਹਾਉ ॥

ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥

ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ ॥

ਕਹੈ ਫਰੀਦ ਸਹੇਲੀਓ ਸਹੁ ਅਲਾਏਸੀ ॥

ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਸ਼ੇਖ ਫ਼ਰੀਦ-ਸੂਹੀ ਲਲਿਤ)

# ਸਾਲਾਨਾ ਰਿਪੋਰਟ : 2021-22

ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਆਕਰਸ਼ਕ ਵਿਹੜੇ ਵਿੱਚ ਸਾਡੇ ਸਨਿਮਰ ਸੱਦੇ 'ਤੇ ਮੇਰੇ ਬਹੁਤ ਹੀ **ਸਤਿਕਾਰਤ ਸ. ਤੇਜਿੰਦਰ ਸਿੰਘ ਮੌੜ (DIG, Prisons, Ferozepur Circle)**, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਸਾਬਕਾ ਪ੍ਰਿੰਸੀਪਲਜ਼, ਸਾਬਕਾ ਅਤੇ ਮੌਜੂਦਾ ਪ੍ਰੋਫ਼ੈਸਰ ਸਾਹਿਬਾਨ, ਸਮਾਜਕ, ਸੱਭਿਆਚਾਰਕ ਅਤੇ ਅਕਾਦਮਿਕ ਖੇਤਰ ਵਿੱਚ ਫ਼ਰੀਦਕੋਟ ਦੀ ਪ੍ਰਤੀਨਿਧਤਾ ਕਰਨ ਵਾਲੇ ਇਲਾਕਾ ਨਿਵਾਸੀਓ ! ਪ੍ਰੈਸ ਨਾਲ ਸੰਬੰਧਿਤ ਵੀਰੋ, ਭੈਣੋ ਅਤੇ ਭਰਾਵੋਂ। ਸਭ ਤੋਂ ਪਹਿਲਾਂ ਮਾਲਵਾ ਖੇਤਰ ਦੀ ਇਸ ਇਤਿਹਾਸ-ਸਿਰਜਕ ਸਿਰਮੌਰ ਸੰਸਥਾ ਵਿਖੇ ਸਾਡੇ ਨਿੱਘੇ ਬੁਲਾਵੇ ਤੇ ਤਸ਼ਰੀਫ਼ ਲਿਆਉਣ ਲਈ ਮੈਂ ਆਪ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ। ਇਸ ਸੰਸਥਾ ਵਿਖੇ ਅੱਜ ਦੇ ਸ਼ੁੱਭ ਦਿਨ ਸਾਡੇ ਵਿੱਚ **ਸਤਿਕਾਰਤ ਸ. ਤੇਜਿੰਦਰ ਸਿੰਘ ਮੌੜ (DIG, Prisons, Ferozepur Circle)** ਜੀ ਪਹੁੰਚੇ ਹਨ, ਜੋ ਕਿ ਬਹੁਤ ਹੀ ਵਧੀਆ, ਨੇਕ ਦਿਲ, ਇਨਸਾਫ਼ ਪਸੰਦ ਇਨਸਾਨ ਅਤੇ ਇੱਕ ਚੰਗੇ ਸਮਾਜ ਸੇਵੀ ਹਨ। **ਸਤਿਕਾਰਤ ਸ. ਤੇਜਿੰਦਰ ਸਿੰਘ ਮੌੜ (DIG, Prisons, Ferozepur Circle)** ਬਾਬਾ ਫ਼ਰੀਦ ਹਾਕੀ ਕਲੱਬ ਦੇ ਪ੍ਰਧਾਨ ਅਤੇ ਓਲਡ ਸਟੂਡੈਂਟਸ ਐਸੋਸੀਏਸ਼ਨ ਸਰਕਾਰੀ ਬ੍ਰਿਜਿੰਦਰਾ ਕਾਲਜ ਦੀ ਪ੍ਰਧਾਨਗੀ ਤੇ ਤਾਇਨਾਤ ਹਨ।

ਸੁਭਾਅ ਦੀ ਮਿਠਾਸ ਅਤੇ ਲੋਕਾਂ ਨਾਲ ਸੁਹਿਰਦ ਵਿਵਹਾਰ ਇਨ੍ਹਾਂ ਦੀ ਜੀਵਨ-ਸ਼ੈਲੀ ਦੇ ਪ੍ਰਮੁੱਖ ਗੁਣ ਹਨ ਜੋ ਹਰੇਕ ਵਿਅਕਤੀ ਵਿੱਚ ਵਿਦਮਾਨ ਨਹੀਂ ਹੁੰਦੇ। ਇਸ ਸ਼ਖ਼ਸੀਅਤ ਦੇ ਬ੍ਰਿਜਿੰਦਰਾ ਕਾਲਜ ਵਿਖੇ ਪਧਾਰਨ ਨਾਲ ਕਾਲਜ ਦੇ ਮਾਣ-ਸਨਮਾਨ ਵਿੱਚ ਵਾਧਾ ਹੋਇਆ ਹੈ। ਮੁੱਖ ਮਹਿਮਾਨ ਜੀ ਦੇ ਨਾਲ-ਨਾਲ ਸਾਡੇ ਬੁਲਾਵੇ 'ਤੇ ਪਹੁੰਚਿਆ ਹਰਕੇ ਮਹਿਮਾਨ ਸਾਡੇ ਪਿਆਰ ਅਤੇ ਸਤਿਕਾਰ ਦਾ ਪਾਤਰ ਹੈ।

ਮਾਨਯੋਗ ਮੁੱਖ ਮਹਿਮਾਨ ਜੀਓ, ਮਾਲਵੇ ਦੇ ਇਸ ਖੇਤਰ ਵਿੱਚ ਕਾਲਜ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਹਨ ਜਿਸ ਕਾਰਣ ਦੇਸ਼ ਦੇ ਵਿੱਦਿਅਕ ਅਦਾਰਿਆਂ ਵਿੱਚ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਦੀ ਨਿਵੇਕਲੀ ਥਾਂ ਬਣ ਚੁੱਕੀ ਹੈ। National Assessment and Accreditation Council, Bangalore ਵੱਲੋਂ ਬ੍ਰਿਜਿੰਦਰਾ ਕਾਲਜ ਨੂੰ ਲਗਾਤਾਰ ਦੂਸਰੀ ਵਾਰ 'ਏ' ਗਰੇਡ ਨਾਲ ਨਿਵਾਜਿਆ ਗਿਆ ਹੈ ਜੋ ਕਿ ਮਾਲਵੇ ਇਲਾਕੇ ਲਈ ਬਹੁਤ ਹੀ ਮਾਣ ਦੀ ਗੱਲ ਹੈ। ਇਸ ਤੋਂ ਇਲਾਵਾ Mahatma Gandhi National Council of Rural Education, in the Department of Higher Education of the Ministry of Education Government of India ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਨੂੰ ਸੈਸ਼ਨ: 2021-22 ਲਈ District Green Champion Certificate ਨਾਲ ਸਨਮਾਨਿਤ ਕੀਤਾ ਗਿਆ ਹੈ।

ਮੁੱਖ ਮਹਿਮਾਨ ਜੀਓ ! ਸੈਸ਼ਨ: 2021-22 ਵਿੱਚ ਅਸੀਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਕਾਲਜ ਨੂੰ ਬੁਲੰਦੀਆਂ 'ਤੇ ਲਿਜਾਣ ਵਿੱਚ ਸੁਯੋਗ ਸਟਾਫ਼ ਮੇਰੀ ਸੋਚ ਤੇ ਖਰਾ ਉਤਰਿਆ ਹੈ, ਮੈਨੂੰ ਅਜਿਹੀ ਉੱਚਤਮ ਸੰਸਥਾ ਦਾ ਬਤੌਰ ਪ੍ਰਿੰਸੀਪਲ ਸੇਵਾ ਕਰਕੇ ਅਤਿਅੰਤ ਖ਼ੁਸ਼ੀ ਹੋ ਰਹੀ ਹੈ ਅਤੇ ਮੇਰੀ ਸੁਹਿਰਦ ਕੋਸ਼ਿਸ਼ ਹੈ ਕਿ ਮੈਂ ਕਾਲਜ ਦਾ ਮਾਣ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਰਹਾਂ। ਹੁਣ ਮੈਂ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਵਿਭਿੰਨ ਸ਼ਲਾਘਾਯੋਗ ਪ੍ਰਾਪਤੀਆਂ ਦੀ ਸੰਖਿਪਤ ਰਿਪੋਰਟ ਆਪ ਜੀ ਦੇ ਸਾਹਮਣੇ ਪ੍ਰਸਤੁਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

1. ਅਕਾਦਮਿਕ ਖੇਤਰ :

(ੳ) ਯੂਨੀਵਰਸਿਟੀ ਪੱਧਰ ਤੇ ਪੁਜੀਸ਼ਨਾਂ-

- ਧਨੀਕਸ਼ਾ, ਬੀ.ਐਸ.ਸੀ. (ਮੈਡੀਕਲ) ਦੀ ਵਿਦਿਆਰਥਣ ਨੇ ਸਮੈ-2 ਅਤੇ ਸਮੈ-4 ਵਿੱਚ ਕ੍ਰਮਵਾਰ 87.91% ਅਤੇ 87.74% ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਰੋਲ ਆਫ਼ ਆਨਰ ਪ੍ਰਾਪਤ ਕੀਤਾ।
- ਬੀ.ਐਸ.ਸੀ.-2 ਦੀ ਵਿਦਿਆਰਥਣ ਹਰਜੀਤ ਕੌਰ ਨੇ 85.87% ਅੰਕ ਪ੍ਰਾਪਤ ਲੈ ਕੇ ਯੂਨੀਵਰਸਿਟੀ ਵਿੱਚੋਂ ਅੱਠਵਾਂ ਸਥਾਨ ਹਾਸਿਲ ਕਰਕੇ ਕਾਲਜ ਕਲਰ ਪ੍ਰਾਪਤ ਕੀਤਾ।
- ਐਮ.ਐਸ.ਸੀ.-1 (ਕਮਿਸਟਰੀ) ਦੀ ਵਿਦਿਆਰਥਣ ਅੰਜਲੀ ਸੁਖੀਜਾ ਨੇ (CGPA) 8.91 ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਚੌਥਾ ਸਥਾਨ ਹਾਸਿਲ ਕਰਕੇ ਕਾਲਜ ਕਲਰ ਪ੍ਰਾਪਤ ਕੀਤਾ।
- ਐਮ.ਏ.-1 (ਅੰਗਰਜ਼ੀ) ਦੀ ਵਿਦਿਆਰਥਣ ਪ੍ਰਭਜੋਤ ਕੌਰ ਨੇ (CGPA) 7.50 ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਛੇਵਾਂ ਸਥਾਨ ਹਾਸਿਲ ਕਰਕੇ ਕਾਲਜ ਕਲਰ ਪ੍ਰਾਪਤ ਕੀਤਾ।
- ਐਮ.ਏ.-1 (ਅੰਗਰਜ਼ੀ) ਦੀ ਵਿਦਿਆਰਥਣ ਬੀਨਾ ਰਾਣੀ ਨੇ (CGPA) 7.5 ਅੰਕ ਲੈ ਕੇ ਯੂਨੀਵਰਸਿਟੀ ਵਿੱਚੋਂ ਸੱਤਵਾਂ ਸਥਾਨ ਹਾਸਿਲ ਕਰਕੇ ਕਾਲਜ ਕਲਰ ਪ੍ਰਾਪਤ ਕੀਤਾ।

(ਅ) ਕਾਲਜ ਪੱਧਰ ਤੇ ਪੁਜੀਸ਼ਨਾਂ-

- ਐਮ.ਏ.-2 (ਪੰਜਾਬੀ) ਸਮੈਸਟਰ-4 ਦੀ ਵਿਦਿਆਰਥਣ ਗੁਰਜੀਤ ਕੌਰ ਨੇ (SGPA) 8.75 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਵਿਦਿਆਰਥੀ ਰਾਜਵਿੰਦਰ ਸਿੰਘ ਨੇ (SGPA) 8.7 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਇਕਨਾਮਿਕਸ) ਸਮੈਸਟਰ-4 ਦੀਆਂ ਵਿਦਿਆਰਥਣਾਂ ਮਨਜਿੰਦਰ ਕੌਰ ਅਤੇ ਲਕਸ਼ਮੀ ਦੇਵੀ ਨੇ (SGPA) 8.9 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਸੰਦੀਪ ਕੌਰ ਨੇ (SGPA) 8.85 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਅੰਗਰੇਜ਼ੀ) ਸਮੈਸਟਰ-4 ਦੀ ਵਿਦਿਆਰਥਣ ਸੁਮਨ ਰਾਣੀ ਕੌਰ ਨੇ (SGPA) 8.44 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਕੋਮਲਪ੍ਰੀਤ ਕੌਰ ਨੇ (SGPA) 8.12 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.-2 (ਕਮਿਸਟਰੀ) ਸਮੈਸਟਰ-4 ਦੀ ਵਿਦਿਆਰਥਣ ਪ੍ਰਭਦੀਪ ਕੌਰ ਨੇ (CGPA) 9.00 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਲਵਪ੍ਰੀਤ ਕੌਰ ਨੇ 8.82 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਕਾਮ.-3 (ਸਮੈਸਟਰ-6) ਦੀ ਵਿਦਿਆਰਥਣ ਹਰਸਿਮਰਨਪ੍ਰੀਤ ਕੌਰ ਨੇ 86.00% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਕਮਲ ਗਰਗ ਨੇ 85.00% ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਐਸ.ਸੀ.-3 (ਮੈਡੀਕਲ) ਸਮੈਸਟਰ-6 ਦੀ ਵਿਦਿਆਰਥਣ ਭੁਪਿੰਦਰ ਕੰਬੋਜ ਨੇ 79.99% ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਕ੍ਰਿਤਕਾ ਨੇ 79.00% ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਨਾਨ-ਮੈਡੀਕਲ) ਸਮੈਸਟਰ-6 ਦੀ ਵਿਦਿਆਰਥਣ ਕਰਨ ਕਟਾਰੀਆ ਨੇ 84.5% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰੀਤਿਕਾ ਨੇ 83.73% ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-4 (ਖੇਤੀਬਾੜੀ) ਸਮੈਸਟਰ-6 ਦੀ ਵਿਦਿਆਰਥਣ ਕਮਲਪ੍ਰੀਤ ਸਿੰਘ ਨੇ 87.38% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਮਨਪ੍ਰੀਤ ਸਿੰਘ ਨੇ 87.00% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

- ਬੀ.ਏ.-3 (ਸਮੈਸਟਰ-6) ਦੀ ਵਿਦਿਆਰਥਣ ਨਵਕਿਰਨਦੀਪ ਕੌਰ ਨੇ 83.8% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸਿਮਰਨਜੀਤ ਕੌਰ ਨੇ 81.3% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-3 (ਸਮੈਸਟਰ-6) ਦੀ ਵਿਦਿਆਰਥਣ ਪ੍ਰਣਵ ਗੋਇਲ ਨੇ 82.73% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰੀਯਾ ਰਾਣੀ ਨੇ 81.7% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

2. **ਖੇਡਾਂ ਦਾ ਖੇਤਰ :**

ਬ੍ਰਿਜਿੰਦਰਾ ਕਾਲਜ ਕਈ ਦਹਾਕਿਆਂ ਤੋਂ ਖਿਡਾਰੀਆਂ ਅਤੇ ਐਥਲੈਟਿਕਸ ਲਈ ਨਰਸਰੀ ਦਾ ਕੰਮ ਕਰ ਰਿਹਾ ਹੈ ਅਤੇ ਕਾਲਜ ਦੀਆਂ ਅਨੇਕਾਂ ਟੀਮਾਂ ਨੇ ਅੰਤਰ ਕਾਲਜ, ਅੰਤਰ ਯੂਨੀਵਰਸਿਟੀ ਅਤੇ ਸਰਬ ਭਾਰਤੀ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਸਾਲ ਵੀ ਬ੍ਰਿਜਿੰਦਰਾ ਕਾਲਜ ਨੇ ਖੇਡਾਂ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. **ਕ੍ਰਿਕਟ (ਲੜਕੇ/ਲੜਕੀਆਂ) :**
   ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕ੍ਰਿਕਟ (ਲੜਕੇ/ਲੜਕੀਆਂ) ਮੁਕਾਬਲਿਆ ਵਿੱਚ ਭਾਗ ਲਿਆ ਅਤੇ ਕ੍ਰਿਕਟ (ਲੜਕੀਆਂ) ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 2 ਖਿਡਾਰਣਾਂ, ਅੰਤਰ ਯੂਨੀਵਰਸਿਟੀ, ਪਟਿਆਲਾ ਦੀ ਕ੍ਰਿਕਟ ਟੀਮ ਲਈ ਚੁਣੀਆਂ ਗਈਆਂ। 2 ਖਿਡਾਰਣਾਂ- ਕਿਰਨਦੀਪ ਕੌਰ (ਬੀ.ਏ.-3) ਅਤੇ ਰਾਜਵਿੰਦਰ ਕੌਰ (ਬੀ.ਏ.-3) ਨੇ ਨੋਰਥ ਜ਼ੋਨ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ।
2. **ਕੁਸ਼ਤੀ (ਲੜਕੇ) ਗਰੀਕੋ ਰੋਮਨ ਸਟਾਈਲ :** ਕਾਲਜ ਦੀ ਕੁਸ਼ਤੀ ਟੀਮ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ ਟੀਮ ਦੇ ਤਿੰਨ ਖਿਡਾਰੀ, ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ ਲਈ ਭਿਵਾਨੀ (ਹਰਿਆਣਾ) ਵਿਖੇ ਭਾਗ ਲੈ ਰਹੇ ਹਨ। ਆਲ ਇੰਡੀਆ ਯੂਨੀਵਰਸਿਟੀ ਮੁਕਾਬਲੇ ਵਿੱਚ ਕਾਲਜ ਦੇ ਖਿਡਾਰੀ- ਸ਼ਮਸ਼ੇਰ ਸਿੰਘ (ਬੀ.ਏ.-1) 63 ਕਿਲੋ, ਹਰਦੀਪ ਸਿੰਘ (ਬੀ.ਏ.-1) 60 ਕਿਲੋ, ਯਤਿਨ ਭਾਰਦਵਾਜ (ਬੀ.ਏ.-1) 67 ਕਿਲੋ ਨੇ ਗੋਲਡ ਮੈਡਲ ਅਤੇ ਖਿਡਾਰੀ- ਤਨਵੀਰ ਸਿੰਘ ਸੰਧੂ (ਬੀ.ਏ.-3) 77 ਕਿਲੋ, ਮੋਹਿਤ ਸ਼ਰਮਾ (ਬੀ.ਏ.-1) 55 ਕਿਲੋ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।
3. **ਕੁਸ਼ਤੀ ਫਰੀ ਸਟਾਈਲ (ਲੜਕੇ) :** ਕਾਲਜ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਮੁਕਾਬਲੇ ਵਿੱਚ ਭਾਗ ਲੈਂਦੇ ਹੋਏ ਕਾਲਜ ਦੇ ਖਿਡਾਰੀ- ਰਵੀ ਕੁਮਾਰ (ਬੀ.ਏ.-2) 61 ਕਿਲੋ ਵਿੱਚੋਂ ਸਿਲਵਰ ਮੈਡਲ ਅਤੇ ਬਬਲ (ਬੀ.ਏ.-1) 57 ਕਿਲੋ ਨੇ ਬਰੌਂਜ਼ ਮੈਡਲ ਹਾਸਲ ਕੀਤਾ।
4. **ਕੁਸ਼ਤੀ ਫਰੀ ਸਟਾਈਲ (ਲੜਕੀਆਂ) :** ਕਾਲਜ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਦੋ ਖਿਡਾਰਣਾਂ, ਸਰਵ ਭਾਰਤੀ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲੈ ਰਹੀਆਂ ਹਨ। ਆਲ ਇੰਡੀਆਂ ਯੂਨੀਵਰਸਿਟੀ ਮੁਕਾਬਲੇ ਵਿੱਚ ਕਾਲਜ ਦੀ ਖਿਡਾਰਣ- ਸਿਮਰਨ ਕੌਰ (ਬੀ.ਏ.-2) 62 ਕਿਲੋ, ਮਨਜੀਤ ਕੌਰ (ਬੀ.ਏ.-1) 57 ਕਿਲੋ ਨੇ ਗੋਲਡ ਮੈਡਲ ਅਤੇ ਰਜਨੀ (ਬੀ.ਏ.-1) 50 ਕਿਲੋ, ਨਵਦੀਪ (ਬੀ.ਏ.-1) 53 ਕਿਲੋ ਨੇ ਸਿਲਵਰ ਮੈਡਲ ਅਤੇ ਹਿਮਾਂਸ਼ੀ (ਬੀ.ਏ.-1) 68 ਕਿਲੋ ਨੇ ਬਰੌਂਜ਼ ਮੈਡਲ ਜਿੱਤਿਆ।

5. **ਹੈਂਡਬਾਲ (ਲੜਕੇ/ਲੜਕੀਆਂ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਹੈਂਡਬਾਲ (ਲੜਕਿਆ) ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਭਾਗ ਲਿਆ। 3 ਖਿਡਾਰੀ ਰਮਨਦੀਪ ਸਿੰਘ (ਬੀ.ਐਸ.ਸੀ. ਨਾਨ-ਮੈਡੀਕਲ), ਗਗਨਦੀਪ ਸਿੰਘ (ਬੀ.ਐਸ.ਸੀ. ਨਾਨ-ਮੈਡੀਕਲ) ਅਤੇ ਪ੍ਰੀਤੀ ਹੰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਲਈ ਚੁਣੇ ਗਏ। ਪ੍ਰੀਤੀ ਹੰਸ ਨੇ ਪੰਜਾਬੀ ਯੂਨੀਵਰਸਿਟੀ ਦੀ ਟੀਮ ਵਿੱਚ ਖੇਡਦਿਆਂ ਨੋਰਥ ਜ਼ੋਨ ਪੰਜਾਬੀ ਯੂਨੀਵਰਸਿਟੀ ਮੁਕਾਬਲਿਆ ਵਿੱਚ ਦੂਜਾ ਸਥਾਨ ਪ੍ਰਾਪਤ ਅਤੇ ਸਰਬ ਭਾਰਤੀ ਅੰਤਰ ਕਾਲਜ ਮੁਕਾਬਲੇ ਲਈ ਚੁਣੀ ਗਈ।

6. **ਹਾਕੀ (ਲੜਕੇ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਹਾਕੀ ਮੁਕਾਬਲੇ ਵਿੱਚ ਭਾਗ ਲਿਆ ਅਤੇ 2 ਖਿਡਾਰੀ ਆਲ ਇੰਡੀਆ ਕੈਂਪ ਲਈ ਚੁਣੇ ਗਏ।

7. **ਬੇਸਬਾਲ (ਲੜਕੇ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਬੇਸਬਾਲ ਮੁਕਾਬਲੇ ਵਿੱਚ ਭਾਗ ਲਿਆ ਅਤੇ 3 ਖਿਡਾਰੀ ਆਲ ਇੰਡੀਆ ਕੈਂਪ ਲਈ ਚੁਣੇ ਗਏ। 2 ਖਿਡਾਰੀ- ਵਿਸ਼ਾਲ (ਬੀ.ਏ.-3) ਅਤੇ ਸ਼ਮਸ਼ੇਰ ਸਿੰਘ (ਬੀ.ਏ.-3) ਪੰਜਾਬੀ ਯੂਨੀਵਰਸਿਟੀ ਦੀ ਟੀਮ ਲਈ ਚੁਣੇ ਗਏ।

8. **ਐਥਲੈਟਿਕਸ (ਲੜਕੇ/ਲੜਕੀਆਂ)** :

ਕਾਲਜ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਐਥਲੈਟਿਕਸ ਮੁਕਾਬਲਿਆ ਵਿੱਚ ਭਾਗ ਲਿਆ। ਖਿਡਾਰਣ- ਜਸਪ੍ਰੀਤ ਕੌਰ (ਬੀ.ਏ.-2) ਨੇ ਜੈਵਲਿਨ ਥਰੋਅ ਮੁਕਾਬਲੇ ਵਿੱਚ ਤੀਜਾ ਸਥਾਨ ਅਤੇ 5000 ਮੀਟਰ ਦੌੜ ਵਿੱਚੋਂ ਚੌਥਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਕਾਲਜ ਦੀਆਂ ਤਾਈਕਵਾਂਡੋ, ਬਾਸਕਟ ਬਾਲ, ਕਬੱਡੀ ਦੀਆਂ ਟੀਮਾਂ ਨੇ ਅੰਤਰ ਕਾਲਜ ਮੁਕਾਬਲਿਆ ਵਿੱਚ ਭਾਗ ਲਿਆ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜ ਵਿਖੇ ਕ੍ਰਿਕਟ (ਲੜਕੇ/ਲੜਕੀਆਂ), ਹਾਕੀ (ਲੜਕੇ/ਲੜਕੀਆਂ), ਕੁਸ਼ਤੀ (ਲੜਕੇ/ਲੜਕੀਆਂ) ਦੇ ਅੰਤਰ ਕਾਲਜ ਮੁਕਾਬਲੇ ਆਯੋਜਿਤ ਕਰਵਾਏ ਗਏ।

3. **ਸੱਭਿਆਚਾਰਕ ਗਤੀਵਿਧੀਆਂ** :

ਬ੍ਰਿਜਿੰਦਰਾ ਕਾਲਜ ਯੁਵਕ ਸੇਵਾਵਾਂ ਵਿਭਾਗ ਵੱਲੋਂ ਹਰ ਸਾਲ ਦੀ ਤਰ੍ਹਾਂ ਯੁਵਕ ਭਲਾਈ ਵਿਭਾਗ ਨੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਵੱਲੋਂ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਗਏ। ਖੇਤਰੀ ਯੁਵਕ ਮੇਲਾ-2021 ਗੁਰੂਕੁਲ ਕਾਲਜ ਫਾਰ ਵੋਮੈਨ ਕੋਠੇ ਕੋਟਕਪੂਰਾ ਵਿਖੇ 23-26 ਅਕਤੂਬਰ 2021 ਵਿੱਚ ਕਾਲਜ ਨੇ 121 ਅੰਕ ਲੈ ਕੇ ਓਵਰ ਆਲ ਦੂਸਰਾ ਸਥਾਨ ਪ੍ਰਾਪਤ ਕਰਕੇ ਟਰਾਫ਼ੀ ਜਿੱਤੀ। ਇਸ ਮੌਕੇ ਕਾਲਜ ਦੀ (1) ਸ਼ਬਦ ਗਾਇਨ, ਕਵੀਸ਼ਰੀ ਗਾਇਨ, ਕਲੀ ਗਾਇਨ, ਕਵਿਤਾ ਉਚਾਰਣ, ਭਾਸ਼ਣ, ਕਲਾਸੀਕਲ ਇੰਸਟਰੂਮੈਂਟ (ਨਾਨ-ਪ੍ਰਕਸ਼ਨ), ਵੈਸਟਰਨ ਸੋਲੋ ਇੰਸਟਰੂਮੈਂਟਲ, ਕਲਾਸੀਕਲ ਵੋਕਲ, ਕੁਇਜ਼, ਨਾਲਾ ਬੁਣਨਾ ਵੰਨਗੀਆਂ ਵਿੱਚ ਪਹਿਲਾ ਸਥਾਨ, (2) ਵੈਸਟਰਨ ਗਰੁੱਪ ਸੌਂਗ, ਫੋਕ ਆਰਕੈਸਟ੍ਰਾ, ਲੋਕ ਸਾਜ, ਕਲਾਸੀਕਲ ਡਾਂਸ, ਮਿਮਕਰੀ, ਡਿਬੇਟ ਵਿੱਚ ਦੂਜਾ ਸਥਾਨ ਅਤੇ (3) ਭਾਰਤੀ ਸਮੂਹ ਗਾਇਨ, ਕਲਾਸੀਕਲ ਇੰਟਰੂਮੈਂਟ (ਪ੍ਰਕਸ਼ਨ), ਲੋਕ ਗੀਤ, ਲੋਕ ਨਾਚ, ਪਹਿਰਾਵਾ ਪ੍ਰਦਰਸ਼ਨੀ, ਭੰਡ, ਨੁੱਕੜ ਨਾਟਕ, ਕਰੋਸ਼ਿਆ ਦੀ ਬੁਣਨੀ, ਪੰਜਾਬੀ ਸੱਭਿਆਚਾਰਕ ਕੁਇਜ਼, ਈਨੂੰ ਬਣਾਉਣਾ, ਖਿੱਦੋ ਬਣਾਉਣਾ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਅੰਤਰ ਖੇਤਰੀ ਯੁਵਕ ਮੇਲੇ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਬੀ.ਏ.-3 ਦੀਆਂ ਵਿਦਿਆਰਥਣਾਂ- ਰਾਣੀ ਕੌਰ, ਲਖਵੀਰ ਕੌਰ, ਸਿਮਰਨਜੀਤ ਕੌਰ ਨੇ ਕਵੀਸ਼ਰੀ ਗਾਇਨ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਤਿੰਨ ਗੋਲਡ ਮੈਡਲ ਜਿੱਤੇ ਜੋ ਕਿ ਕਾਲਜ ਲਈ

ਮਾਣ ਦੀ ਗੱਲ ਹੈ। ਇਨ੍ਹਾਂ ਆਈਟਮਾਂ ਦੀ ਤਿਆਰੀ ਕਰਵਾਉਣ ਵਿੱਚ ਡਾ. ਕੁਸੁਮ ਮਹੇਸ਼ਵਰੀ ਅਤੇ ਪ੍ਰੋ. ਬੂਟਾ ਸਿੰਘ ਦਾ ਬਹੁਮੁੱਲਾ ਯੋਗਦਾਨ ਹੈ। ਇਨ੍ਹਾਂ ਵਿਦਿਆਰਥਣਾਂ ਦੀ ਕਾਲਜ ਦੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ, ਡਾ. ਪਰਮਿੰਦਰ ਸਿੰਘ, ਡਾ. ਰਾਜੇਸ਼ ਮੋਹਨ ਆਦਿ ਵੱਲੋਂ ਹੌਸਲਾ ਅਫਜਾਈ ਕਰਕੇ ਸਨਮਾਨਿਤ ਕੀਤਾ ਗਿਆ।

ਭਾਰਤ ਸਰਕਾਰ ਵੱਲੋਂ ਮਨਾਏ ਜਾ ਰਹੇ '75ਵੇਂ ਅਜ਼ਾਦੀ ਕਾ ਮਹਾਉਤਸਵ' ਮੌਕੇ ਸੰਗੀਤ ਵਿਭਾਗ ਵੱਲੋਂ ਦੇਸ਼ ਭਗਤੀ ਦੇ ਆਨ ਲਾਈਨ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਯੁਵਕ ਸੇਵਾਵਾਂ ਵਿਭਾਗ ਦੇ ਓਪਰ ਏਅਰ ਥੀਏਟਰ ਦੀ ਦਿੱਖ ਸੁੰਦਰ ਅਤੇ ਆਕਰਸ਼ਿਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਅਤੇ ਹੋਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸਾਹਿਤ ਵਿਚਾਰ ਮੰਚ, ਫ਼ਰੀਦਕੋਟ ਵੱਲੋਂ 19-23 ਸਤੰਬਰ 2021 ਨੂੰ ਬਾਬਾ ਸ਼ੇਖ ਫ਼ਰੀਦ ਜੀ ਆਗਮਨ ਪੁਰਬ ਮੌਕੇ ਕਾਲਜ ਕੈਂਪਸ ਵਿੱਚ ਪੁਸਤਕ ਮੇਲਾ ਲਗਾਇਆ ਗਿਆ ਜਿਸ ਵਿੱਚ ਪ੍ਰਸਿੱਧ ਲੇਖਕ ਮੰਗਾ ਸਿੰਘ ਅੰਟਾਲ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਪੁਸਤਕ ਮੇਲੇ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਿਤਾਬਾਂ ਦੇ ਲਗਭਗ 30 ਪਬਲੀਸ਼ਰਜ਼ ਪਹੁੰਚੇ ਜਿੰਨ੍ਹਾਂ ਵੱਲੋਂ ਤਕਰੀਬਨ 20 ਲੱਖ ਰੁਪਏ ਦੀਆਂ ਕਿਤਾਬਾਂ ਵੇਚੀਆਂ ਗਈਆਂ।

4. **ਐਨ.ਐਸ.ਐਸ. ਵਿਭਾਗ :**

ਕੌਮੀ ਸੇਵਾ ਯੋਜਨਾ ਦਾ ਆਗ਼ਾਜ਼ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਇੱਕ ਯੂਨਿਟ ਨਾਲ ਸਾਲ 1972 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤਾ ਗਿਆ ਸੀ। ਇਸ ਸਮੇਂ ਐਨ.ਐਸ.ਐਸ. ਦੇ ਪੰਜ ਯੂਨਿਟ 3 ਲੜਕਿਆਂ ਅਤੇ 2 ਲੜਕੀਆਂ ਦੇ ਯੂਨਿਟ ਹਨ। ਵਿੱਦਿਅਕ ਸੈਸ਼ਨ: 2021-22 ਦੌਰਾਨ ਕੁੱਲ 638 ਵਲੰਟੀਅਰਾਂ ਦੀ ਇਨਰੋਲਮੈਂ ਕੀਤੀ ਗਈ ਹੈ। ਐਨ.ਐਸ.ਐਸ. ਦੇ ਕੋਆਰਡੀਨੇਟਰ ਤੇ ਪ੍ਰੋਗਰਾਮ ਅਫ਼ਸਰ ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਪਰਮਜੀਤ ਕੌਰ, ਪ੍ਰੋ. ਬੂਟਾ ਸਿੰਘ, ਡਾ. ਨਛੱਤਰ ਸਿੰਘ ਅਤੇ ਡਾ. ਸ਼ਿਵ ਸ਼ਕਤੀ ਸਿੰਘ ਦੀ ਦੇਖ-ਰੇਖ ਹੇਠ ਐਨ.ਐਸ.ਐਸ. ਵਿਭਾਗ ਨੇ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ।

1. 21 ਜੂਨ 2021 ਨੂੰ ਯੋਗ ਦਿਵਸ ਮੌਕੇ ਯੋਗ ਦੇ ਮਹੱਤਵ ਅਤੇ ਮਨੁੱਖੀ ਜੀਵਨ ਵਿੱਚ ਯੋਗ ਦੇ ਲਾਭਾਂ ਸਬੰਧੀ ਵੈਬੀਨਾਰ ਕਰਵਾਇਆ ਗਿਆ।
2. 13 ਅਗਸਤ 2021 ਨੂੰ **"Fit India Freedom Run Campaign"** ਤਹਿਤ ਰੈਲੀ ਕੱਢੀ ਗਈ ਜਿਸ ਵਿੱਚ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਅਨਿਲ ਕੁਮਾਰ ਵਰਮਾ ਜੀ ਵਿਸ਼ੇਸ਼ ਤੌਰ ਤੇ ਪਹੁੰਚੇ।
3. ਅਗਸਤ 2021 ਨੂੰ "ਸਵੱਛ ਭਾਰਤ-ਸਵਸਥ ਭਾਰਤ" ਮੁਹਿੰਮ ਤਹਿਤ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਪ੍ਰੋ. ਵਰਿੰਦਰ ਮੱਕੜ ਨੇ ਰੁੱਖਾਂ ਦੀ ਮਹੱਤਤਾਂ ਬਾਰੇ ਜਾਣਕਾਰੀ ਦਿੱਤੀ।
4. 20 ਸਤੰਬਰ 2021 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਨਾਏ ਗਏ ਐਨ.ਐਸ.ਐਸ. ਦੇ ਸਥਾਪਨਾ ਦਿਵਸ ਵਿੱਚ ਕਾਲਜ ਦੇ ਪ੍ਰੋਗਰਾਮ ਅਫਸਰ- ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਬੂਟਾ ਸਿੰਘ, ਡਾ. ਨਛੱਤਰ ਸਿੰਘ ਅਤੇ 5 ਵਲੰਟੀਅਰਾਂ ਨੇ ਭਾਗ ਲਿਆ।
5. 4 ਅਕਤੂਬਰ 2021 ਨੂੰ ਐਨ.ਐਸ.ਐਸ. ਵਿਭਾਗ ਅਤੇ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਕਾਲਜ ਕੈਂਪਸ ਵਿੱਚ ਰੁੱਖ ਲਗਾਏ ਗਏ।
6. 8 ਅਕਤੂਬਰ 2021 ਨੂੰ ਪਰਾਲੀ ਨਾ ਸਾੜਨ ਪ੍ਰਤੀ ਚੇਤੰਨਤਾ ਵਿਸ਼ੇ 'ਤੇ ਪ੍ਰੋ. ਹਰਪ੍ਰੀਤ ਸਿੰਘ ਸਫ਼ੀ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ।

7. 12-16 ਜਨਵਰੀ 2022 ਨੂੰ 25ਵੇਂ ਨੈਸ਼ਨਲ ਯੂਥ ਫੈਸਟੀਵਲ ਵਿੱਚ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰਾਂ ਅਤੇ ਵਲੰਟੀਅਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਸਰਟੀਫਿਕੇਟ ਪ੍ਰਾਪਤ ਕੀਤੇ।
8. 8 ਮਾਰਚ 2022 ਨੂੰ ਐਨ.ਐਸ.ਐਸ. ਵਿਭਾਗ ਵੱਲੋਂ ਮਨਾਏ ਗਏ ਵਿਸ਼ਵ ਮਹਿਲਾ ਦਿਵਸ ਵਿੱਚ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਰਮਿੰਦਰ ਘਈ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

5. **ਵੱਖ-ਵੱਖ ਵਿਭਾਗਾਂ, ਸਭਾਵਾਂ ਅਤੇ ਕਲੱਬਾਂ ਦੀਆਂ ਗਤੀਵਿਧੀਆਂ :**

**ਪੰਜਾਬੀ ਵਿਭਾਗ-**

1. 30 ਜੁਲਾਈ 2020 ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਨੂੰ ਸਮਰਪਿਤ ਅੰਤਰ ਕਾਲਜ ਅਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।
2. ਮਾਤ ਭਾਸ਼ਾ ਸਪਤਾਹ ਮਨਾਉਦਿਆ 10 ਨਵੰਬਰ 2020 ਨੂੰ ਕਾਵਿ ਉਚਾਰਣ ਮੁਕਾਬਲਾ ਅਤੇ 21 ਨਵੰਬਰ 2020 ਨੂੰ ਲੇਖ ਰਚਨਾ ਮੁਕਾਬਲਾ ਕਰਵਾਇਆ ਗਿਆ।
3. 18 ਨਵੰਬਰ 2020 ਨੂੰ ਡਾ. ਅਵਨਿੰਦਰਪਾਲ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਸ਼ੇ 'ਤੇ ਭਾਸ਼ਣ ਦਿੱਤਾ ਅਤੇ ਪ੍ਰਸ਼ੋਨਤਰੀ ਮੁਕਾਬਲਾ ਕਰਵਾਇਆ ਗਿਆ।
4. 14 ਅਕਤੂਬਰ 2021 ਨੂੰ ਪੰਜਾਬੀ ਵਿਰਾਸਤ ਨਾਲ ਸੰਬੰਧਤ 'ਵਿਰਾਸਤੀ ਮੇਲਾ-2021' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਪੰਜਾਬੀ ਵਿਰਾਸਤ ਨਾਲ ਸੰਬੰਧਤ 25 ਵੰਨਗੀਆਂ ਵਿੱਚ ਭਾਗ ਲਿਆ।
5. 9 ਨਵੰਬਰ 2021 ਨੂੰ ਸਲੋਗਨ ਲੇਖਣ ਮੁਕਾਬਲਾ ਕਰਵਾਇਆ ਗਿਆ।
6. ਵਿੱਦਿਅਕ ਸੈਸ਼ਨ 2021-22 ਦੌਰਾਨ 'ਕਵੀਸ਼ਰ ਅਮਰ ਸਿੰਘ ਰਾਜੇਆਣਾ ਜੀ ਦੇ ਜੀਵਨ ਅਤੇ ਰਚਨਾ' ਸੰਪਾਦਿਤ ਕਿਤਾਬ ਦੀ ਭੂਮਿਕਾ ਪ੍ਰੋ. ਜਗਦੀਪ ਸਿੰਘ ਦੁਆਰਾ ਲਿਖੀ ਗਈ। ਇਸੇ ਪੁਸਤਕ ਵਿੱਚ ਪ੍ਰੋ. ਕੁਲਵਿੰਦਰ ਕੌਰ ਦੁਆਰਾ ਲਿਖਿਆ ਖੋਜ ਨਿਬੰਧ 'ਸਾਹਿਤ ਕਵੀਸ਼ਰੀ ਅਤੇ ਕਵੀਸ਼ਰ ਅਮਰ ਸਿੰਘ' ਅਤੇ ਪ੍ਰੋ. ਬੂਟਾ ਸਿੰਘ ਦੁਆਰਾ ਲਿਖਿਆ ਮੱਲਵਈ ਕਵੀਸ਼ਰੀ ਅਤੇ ਕਵੀਸ਼ਰ ਅਮਰ ਸਿੰਘ' ਖੋਜ ਨਿਬੰਧ ਛਪਿਆ।
7. 13 ਨਵੰਬਰ 2021 ਨੂੰ ਬਾਲ ਦਿਵਸ ਮੌਕੇ ਡਾ. ਪ੍ਰਭਸ਼ਰਨਜੋਤ ਕੌਰ ਨੇ ਜਿਲ੍ਹਾ ਪੱਧਰੀ ਸਮਾਗਮਾਂ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।
8. 17 ਨਵੰਬਰ 2021 ਨੂੰ 'ਪੰਜਾਬੀ ਮਾਂ-ਪੰਜਾਬੀ ਖਾਣਾ' ਮੁਕਾਬਲਾ ਕਰਵਾਇਆ ਗਿਆ।
9. ਪੰਜਾਬੀ ਮਾਹ 2021 ਦੇ ਸਮਾਗਮਾਂ ਦੀ ਲੜੀ ਤਹਿਤ 12 ਨਵੰਬਰ 2021 ਨੂੰ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਪ੍ਰੋ. ਜਗਦੀਪ ਸਿੰਘ ਅਤੇ ਪ੍ਰੋ. ਹਰਪ੍ਰੀਤ ਸਿੰਘ ਨੇ ਗੁਰਮੁੱਖੀ ਲਿਪੀ ਉਪਰ ਵਿਦਿਆਰਥੀਆਂ ਨਾਲ ਵਿਚਾਰ ਗੋਸ਼ਟੀ ਕੀਤੀ। ਇਸੇ ਲੜੀ ਤਹਿਤ ਪ੍ਰੋ. ਕੁਲਵਿੰਦਰ ਕੌਰ ਅਤੇ ਪ੍ਰੋ. ਬੂਟਾ ਸਿੰਘ ਨੇ ਭਾਸ਼ਾ ਅਤੇ ਸਾਹਿਤ ਵਿਸ਼ੇ ਉਪਰ ਪ੍ਰਸ਼ੋਨਤਰੀ ਮੁਕਾਬਲਾ ਕਰਵਾਇਆ।
10. ਵਿੱਦਿਅਕ ਸੈਸ਼ਨ 2020-21 ਦੌਰਾਨ ਵਿਭਾਗ ਦੇ ਵਿਦਿਆਰਥੀਆਂ ਲਵਪ੍ਰੀਤ ਸਿੰਘ ਅਤੇ ਗੁਰਤੇਜ ਸਿੰਘ ਨੇ ਯੂ.ਜੀ.ਸੀ. ਨੈਟ ਦੀ ਪ੍ਰੀਖਿਆ ਪਾਸ ਕੀਤੀ ਅਤੇ ਅਮਨਦੀਪ ਕੌਰ ਨੇ ਜੇ.ਆਰ.ਐਫ਼. ਪ੍ਰਾਪਤ ਕੀਤੀ।
11. ਭਾਸ਼ਾ ਵਿਭਾਗ ਪੰਜਾਬ ਵੱਲੋਂ ਅਕਤੂਬਰ 2021 ਦੌਰਾਨ ਹੋਏ ਜਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਮੁਕਾਬਲਿਆਂ ਵਿੱਚੋਂ ਜਗਸੀਰ ਸਿੰਘ (ਬੀ.ਏ.) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਹਰ ਵਰ੍ਹੇ ਦੀ ਤਰ੍ਹਾਂ ਇਸ ਵਰ੍ਹੇ ਵੀ ਵਿਭਾਗ ਵਲੋਂ ਕੰਧ ਪੱਤ੍ਰਿਕਾ ਰਿਲੀਜ਼ ਕੀਤੀ ਗਈ ਅਤੇ ਵਿਭਾਗ ਵੱਲੋਂ ਹਰ ਮਹੀਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇੱਕਤਰਤਾ ਵਿੱਚ ਸਾਹਿਤ ਸਭਾ ਦਾ ਆਯੋਜਨ ਕੀਤਾ ਗਿਆ।

ਅੰਗਰੇਜ਼ੀ ਵਿਭਾਗ-

ਅੰਗਰੇਜ਼ੀ ਵਿਭਾਗ ਵਿਖੇ ਸਾਲ 2003 ਤੋਂ ਅੰਗਰੇਜ਼ੀ ਸਾਹਿਤ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਇੱਕ ਐਸੋਸੀਏਸ਼ਨ ELSA ਕੰਮ ਕਰ ਰਹੀ ਹੈ ਜੋ ਕਾਲਜ ਦੀਆਂ ਮਹੱਤਵਪੂਰਨ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ। ਅੰਗਰੇਜ਼ੀ ਵਿਭਾਗ ਵੱਲੋਂ "Personality Development & Communication Skills" ਵਿਸ਼ੇ ਤੇ ਨੈਸ਼ਨਲ ਵੈਬੀਨਾਰ ਕਰਵਾਇਆ ਗਿਆ ਜਿਸ ਵਿੱਚ ਪ੍ਰੋ. ਦਲਬੀਰ ਸਿੰਘ (ਰਿਟਾ. ਪ੍ਰਿੰਸੀਪਲ) ਨੇ ਬਤੌਰ ਰਿਸੋਰਸ ਪਰਸਨ ਵਜੋਂ ਭਾਸ਼ਣ ਦਿੱਤਾ। ਵਿਭਾਗ ਦੁਆਰਾ ਵਿਲੀਅਮ ਸੈਕਸ਼ਪੀਅਰ ਦੇ ਜੀਵਨ ਤੇ ਅਧਾਰਿਤ e-Quiz ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

(1) ਡਾ. ਨਿਰਵਰਿੰਦਰ ਕੌਰ ਸੰਧੂ ਨੇ "Innovative Methods for Virtual Classroom Teaching : A Road to Moocs" ਵਿਸ਼ੇ ਤੇ ਸੱਤ ਰੋਜ਼ਾ ਅੰਤਰ ਰਾਸ਼ਟਰੀ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ, ਮੈਡਮ ਸੰਧੂ ਵੱਲੋਂ 16 ਅਗਸਤ 2021 ਤੋਂ 23 ਅਗਸਤ 2021 ਤੱਕ "NAAC Accreditation Framework : New Guidelines" ਵਿਸ਼ੇ ਤੇ ਲਾਇਲਪੁਰ ਖਾਲਸ ਕਾਲਜ ਵਿਖੇ ਭਾਗ ਲਿਆ, 28 ਜੁਲਾਈ ਤੋਂ 3 ਅਗਸਤ 2021 ਤੱਕ ਐਸ.ਡੀ. ਕਾਲਜ ਐਜੂਕੇਸ਼ਨ ਬਰਨਾਲਾ ਵਿਖੇ "Together for Education Embracing Changes Amid Technoligical Challenges" ਵਿਸ਼ੇ ਤੇ, 09 ਨਵੰਬਰ ਤੋਂ 15 ਨਵੰਬਰ 2021 ਤੱਕ "Rethingking Dr. B.R. Ambedkar's Multidimensional Vision" ਵਿਸ਼ੇ ਤੇ UGC-HRD Centre Chandigarh ਵਿਖੇ ਭਾਗ ਲਿਆ।

(2) ਡਾ. ਸ਼ਾਲਿਨੀ ਗੋਇਲ ਨੇ Sabaragamuwa University of Sri Lanka and Agra College, Utter Pardesh ਵੱਲੋਂ ਕਰਵਾਈ ਗਈ ਇੰਟਰਨੈਸ਼ਨਲ ਕਾਨਫਰੰਸ ਵਿੱਚ ਪੇਪਰ "Advertisement The Capitalist Weapon Creating Social Awareness in the time of Pandemic" ਪੜ੍ਹਿਆ ਅਤੇ ਇਨ੍ਹਾਂ ਦਾ ਪੇਪਰ "The Humongous Task of English teaching as a second language to the social media afflicted generation" ਸੋਧ ਸੰਚਾਰ ਬੁਲੇਟਿਨ (ਇੰਟਰਨੈਸ਼ਨਲ ਪੀਅਰ ਰਿਵਿਊਡ ਜਰਨਲ ਵਿੱਚ ਪ੍ਰਕਾਸ਼ਿਤ ਹੋਇਆ।

(3) ਪ੍ਰੋ. ਪਰਮਜੀਤ ਕੌਰ ਨੇ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਆਫ਼ ਰੂਰਲ ਐਜੂਕੇਸ਼ਨ, ਮਨਿਸਟਰੀ ਆਫ਼ ਐਜੂਕੇਸ਼ਨ, ਭਾਰਤ ਸਰਕਾਰ ਵੱਲੋਂ 14 ਫ਼ਰਵਰੀ ਤੋਂ 18 ਫ਼ਰਵਰੀ 2022 ਤੱਕ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ Mentoring for Institutional Social Responsibilities Facilitation for Community Engagement ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਪ੍ਰੋ. ਪਰਮਜੀਤ ਕੌਰ ਨੇ ਅੰਤਰ ਖੇਤਰੀ ਯੁਵਕ ਮੇਲੇ ਦੀਆਂ ਥੀਏਟਰ- ਮਾਈਮ, ਨੁੱਕੜ ਨਾਟਕ, ਇਕਾਂਗੀ, ਭੰਡ, ਸਕਿੱਟ ਦੀ ਬਤੌਰ ਕਨਵੀਨਰ ਤਿਆਰ ਕਰਵਾਈ ਅਤੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ।

(4) ਡਾ. ਰਮਨਦੀਪ ਕੌਰ ਨੇ "Career Decision Making Amoung Adolescents in Relation to Gender Locale Parenting style and self concept" ਵਿਸ਼ੇ ਤੇ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਇਸ ਤੋਂ ਇਲਾਵਾ ਡਾ. ਸ਼ਾਲਿਨੀ ਗੋਇਲ ਅਤੇ ਪ੍ਰੋ. ਪਰਮਜੀਤ ਕੌਰ ਨੇ MHRD ਭਾਰਤ ਸਰਕਾਰ ਦੇ Swayam Portal ਤੇ "20th Century Fiction" ਆਨ ਲਾਈਨ ਕੋਰਸ ਵਿੱਚ

ਭਾਗ ਲਿਆ ਅਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਇਨ੍ਹਾਂ ਨੇ 24 ਜੁਲਾਈ ਤੋਂ 30 ਜੁਲਾਈ 2021 ਤੱਕ Savitri Bai Phule Universirty Pune ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ "Impact of Literature on Youth in Current Situation" ਵਿੱਚ ਭਾਗ ਲਿਆ।

ਅਰਥ ਵਿਗਿਆਨ ਵਿਭਾਗ-

ਸਾਲ: 2021-22 ਵਿੱਚ ਅਰਥ ਵਿਗਿਆਨ ਵਿਭਾਗ ਦੇ 2 ਵਿਦਿਆਰਥੀਆਂ ਲਕਸ਼ਮੀ ਦੇਵੀ ਅਤੇ ਮਨਪ੍ਰੀਤ ਕੌਰ ਨੇ ਯੂ.ਜੀ.ਸੀ. ਨੈਟ ਦੀ ਪ੍ਰੀਖਿਆਂ ਪਾਸ ਕੀਤੀ।

(1) ਡਾ. ਕੁਸੁਮ ਮਹੇਸ਼ਵਰੀ ਨੇ 08 ਮਾਰਚ 2021 ਨੂੰ ਕਰਿਸ਼ਤੂ ਜਯੰਤੀ ਕਾਲਜ, ਬੰਗਲੁਰੂ ਦੁਆਰਾ ਕਰਵਾਈ ਰਾਸ਼ਟਰੀ ਕਾਨਫਰੰਸ ਵਿੱਚ "Transformation in the Roll of Women in Higher Eduation" ਵਿਸ਼ੇ 'ਤੇ ਪੇਪਰ ਪੜ੍ਹਿਆ ਅਤੇ ਰਾਮਾਨੁੰਜਨ ਕਾਲਜ, ਦਿੱਲੀ ਯੂਨੀਵਰਸਿਟੀ ਵੱਲੋਂ ਆਯੋਜਿਤ 31 ਜਨਵਰੀ ਤੋਂ 14 ਫ਼ਰਵਰੀ 2022 ਤੱਕ Refresher course on Economics Sustainability Strategies, Prespectiive from India and Online One Orientation Programme (19 July-17 Aug. 2021) ਵਿੱਚ ਭਾਗ ਲਿਆ। ਇਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵੱਲੋਂ ਫੈਕਲਟੀ ਆਫ਼ ਸੋਸ਼ਲ ਸਾਇੰਸਜ਼ ਦਾ ਮੈਂਬਰ ਚੁਣਿਆ ਗਿਆ।

(2) ਡਾ. ਵੀਰਪਾਲ ਕੌਰ ਨੇ ਯੂ.ਜੀ.ਸੀ. ਨੈਟ ਦੀ ਪ੍ਰੀਖਿਆਂ ਪਾਸ ਕੀਤੀ ਅਤੇ IMUN ਦੁਆਰਾ 09-10 ਜਨਵਰੀ 2021 ਨੂੰ ਆਯੋਜਿਤ ਕਾਨਫਰੰਸ ਵਿੱਚ ਭਾਗ ਲਿਆ।

(3) 10 ਮਾਰਚ 2022 ਨੂੰ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਵਿਖੇ ਬੀ.ਏ. ਭਾਗ ਪਹਿਲਾ ਦੀ ਵਿਦਿਆਰਥੀ ਸ਼ਸ਼ੀ ਕਾਂਤਾ ਮਨੀ ਨੇ ਨੈਸ਼ਨਲ ਸਾਇੰਸ ਦਿਵਸ ਮੌਕੇ ਕਰਵਾਏ ਫੋਟੋਗ੍ਰਾਫੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਇਸ ਤੋਂ ਇਲਾਵਾ ਡਾ. ਕੁਸੁਮ ਮਹੇਸ਼ਵਰੀ ਅਤੇ ਡਾ. ਵੀਰਪਾਲ ਕੌਰ ਨੇ ਸੈਂਟਰਲ ਯੂਨੀਵਰਸਿਟੀ ਬਠਿੰਡਾ (AICTE) ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ। ਡਾ. ਗਗਨਦੀਪ ਕੌਰ ਅਤੇ ਡਾ. ਵੀਰਪਾਲ ਕੌਰ ਨੇ ਐਸ.ਡੀ. ਕਾਲਜ ਬਰਨਾਲਾ ਵੱਲੋਂ 28 ਜੁਲਾਈ ਤੋਂ 03 ਅਗਸਤ 2021 ਤੱਕ ਕਰਵਾਏ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

ਜੌਗਰਫ਼ੀ ਵਿਭਾਗ-

ਜੌਗਰਫ਼ੀ ਵਿਭਾਗ ਦੇ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਲਈ "ਸਰ ਹਮਬੋਲਟ ਜੌਗਰਫ਼ਰਜ਼ ਐਸੋਸੀਏਸ਼ਨ" ਗਠਿਤ ਕੀਤੀ ਗਈ ਹੈ ਜੋ ਪੰਜਾਬ ਜ਼ੌਗਰਫਰ ਐਸੋਸੀਏਸ਼ਨ ਪਟਿਆਲਾ ਨਾਲ ਮਿਲ ਕੇ ਜੌਗਰਫ਼ੀ ਵਿਸ਼ੇ ਨੂੰ ਵਿਕਸਿਤ ਕਰਨ ਲਈ ਯਤਨਸ਼ੀਲ ਹੈ। ਇਸ ਐਸੋਸੀਏਸ਼ਨ ਵੱਲੋਂ ਵਿੱਦਿਅਕ ਟੂਰ, ਧਰਤ ਦਿਵਸ, ਅੰਤਰ ਰਾਸ਼ਟਰੀ ਜੀਵ ਅਨੇਕਤਾ ਦਿਵਸ, ਵਿਸ਼ਵ ਵਾਤਾਵਰਣ ਦਿਵਸ, ਵਿਸ਼ਵ ਕੁਦਰਤ ਸੰਭਾਲ ਦਿਵਸ, ਜਲਗਾਹ ਦਿਵਸ, ਵਿਸ਼ਵ ਓਜ਼ੋਨ ਦਿਵਸ, ਅੰਤਰ ਰਾਸ਼ਟਰੀ ਕੁਦਰਤੀ ਆਫ਼ਤ (ਡਿਜਾਸਟਰ) ਦਿਵਸ, ਵਿਸ਼ਵ ਨਮ ਭੂਮੀ ਦਿਵਸ ਮਨਾਇਆ ਗਿਆ।

1. 21 ਮਾਰਚ 2021 ਨੂੰ ਵਿਭਾਗ ਵੱਲੋਂ ਵਿਸ਼ਵ ਜਲ ਦਿਵਸ ਸਬੰਧੀ ਆਨ ਲਾਈਨ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਪ੍ਰੋ. ਮਨਿੰਦਰ ਕੌਰ ਅਤੇ ਗੁਰਲਾਲ ਸਿੰਘ ਨੇ 'ਜਲ ਹੀ ਜੀਵਨ ਹੈ' ਵਿਸ਼ੇ ਤੇ ਵਿਦਿਆਰਥੀਆਂ ਨਾਲ ਗਲਬਾਤ ਕੀਤੀ।

2. 22 ਅਪ੍ਰੈਲ 2021 ਨੂੰ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ ਜਿਸ ਵਿੱਚ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਮਨੁੱਖੀ ਸੰਤੁਲਨ ਲਈ, ਧਰਤੀ ਦਾ ਸੰਤੁਲਿਤ ਹੋਣਾ ਜਰੂਰੀ ਹੈ।

3. 5 ਜੂਨ 2021 ਨੂੰ ਵਿਸ਼ਵ ਵਾਤਾਵਰਨ ਦਿਵਸ ਮੌਕੇ ਵਿਭਾਗ ਵੱਲੋਂ ਇੱਕ ਆਨ ਲਾਈਨ ਕੁਇਜ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਲਗਭਗ 182 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਜੈਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

4. 16 ਸਤੰਬਰ 2021 ਨੂੰ ਵਿਸ਼ਵ ਓਜ਼ੋਨ ਦਿਵਸ ਸਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਵਿਭਾਗ ਮੁਖੀ ਡਾ. ਪਰਮਿੰਦਰ ਸਿੰਘ ਨੇ ਓਜ਼ੋਨ ਪਰਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਅਤੇ ਇਸ ਵਿੱਚ ਆ ਰਹੇ ਬਦਲਾਅ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।

5. 11 ਅਕਤੂਬਰ 2021 ਨੂੰ ਅੰਤਰ ਰਾਸ਼ਟਰੀ ਆਫ਼ਤ ਦਿਵਸ ਮੌਕੇ ਪ੍ਰੋ. ਨਵਦੀਪ ਸਿੰਘ ਨੇ ਵਿਦਿਆਰਥੀਆਂ ਨਾਲ ਕੁਦਰਤੀ ਆਫ਼ਤਾਂ, ਕਿਸਮਾਂ, ਕਾਰਨ ਅਤੇ ਪ੍ਰਭਾਵ ਵਿਸ਼ੇ ਤੇ ਗਲਬਾਤ ਕੀਤੀ।

6. 2 ਫ਼ਰਵਰੀ 2022 ਨੂੰ ਵਿਸ਼ਵ ਜਲਗਾਹ ਦਿਵਸ ਸਬੰਧੀ ਆਨ ਲਾਈਨ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਪ੍ਰੋ. ਮਨਿੰਦਰ ਕੌਰ ਨੇ ਵਰਤਮਾਨ ਸਮੇਂ ਵਿੱਚ ਮਨੁੱਖ ਦੀ ਵਿਕਾਸਵਾਦੀ ਦੌੜ ਵਿੱਚ ਜਲਗਾਹਾਂ ਦੇ ਪਲੀਤ ਹੋ ਰਹੇ ਵਾਤਾਵਰਨ ਅਤੇ ਇਸਦੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਅਤੇ ਪ੍ਰੋ. ਗੁਰਲਾਲ ਸਿੰਘ ਨੇ ਜਲਗਾਹਾਂ ਅਤੇ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਭਾਸ਼ਣ ਦਿੱਤਾ।

ਹਿਸਟਰੀ ਵਿਭਾਗ-

1) ਅਜ਼ਾਦੀ ਦੀ 75ਵੀਂ ਵਰ੍ਹੇਂ ਗੰਢ ਮੌਕੇ ਇਤਿਹਾਸ ਵਿਭਾਗ ਦੇ ਪ੍ਰੋ. ਜੈਸਮੀਨ ਵਾਲੀਆ ਅਤੇ ਪ੍ਰੋ. ਇੰਦਰਦੀਪ ਸਿੰਘ ਬਰਾੜ ਵੱਲੋਂ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਜੀਵਨ ਅਤੇ ਉਨ੍ਹਾਂ ਦੀ ਕੁਰਬਾਨੀ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਇਸ ਮੌਕੇ ਵਿਦਿਆਰਥੀ ਲਵਪ੍ਰੀਤ ਸਿੰਘ ਅਤੇ ਜਗਸੀਰ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ।

2) ਛੋਟੇ ਸਾਹਿਬਜ਼ਾਦਿਆਂ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ 14 ਦਸੰਬਰ 2021 ਨੂੰ ਕਾਲਜ ਕੈਂਪਸ ਵਿੱਚ ਫੁੱਲਦਾਰ ਬੂਟੇ ਲਗਾਏ ਗਏ ਅਤੇ ਇਸ ਮੌਕੇ ਪ੍ਰੋ. ਪਰਮਜੀਤ ਸਿੱਧੂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪ੍ਰਦੂਸ਼ਣ ਮੁਕਤ ਵਾਤਾਵਰਨ ਨੂੰ ਸਿਰਜਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ।

3) 23 ਦਸੰਬਰ 2021 ਨੂੰ ਕਾਲਜ ਦੇ ਸਟੱਡੀ ਸਰਕਲ ਯੂਨਿਟ ਵੱਲੋਂ 'ਕੰਧ ਪੱਤ੍ਰਿਕਾ' ਦੇ ਆਗਾਜ਼ ਮੌਕੇ ਇਤਿਹਾਸ ਵਿਭਾਗ ਦੇ ਵਿਦਿਆਰਥੀ ਲਵਪ੍ਰੀਤ ਸਿੰਘ, ਜਗਸੀਰ ਸਿੰਘ ਅਤੇ ਬਲਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕੀਤਾ।

ਰਾਜਨੀਤੀ ਸ਼ਾਸਤਰ ਵਿਭਾਗ-

- 5 ਸਤੰਬਰ 2021 ਨੂੰ "ਆਨ ਲਾਈਨ ਬਨਾਮ ਆਫ਼ ਲਾਈਨ : ਲਾਭ ਅਤੇ ਹਾਨੀਆਂ" ਵਿਸ਼ੇ 'ਤੇ ਵਾਦ-ਵਿਵਾਦ ਪ੍ਰਤਿਯੋਗਤਾ ਕਰਵਾਈ ਗਈ। ਇਸ ਮੌਕੇ ਵਿਭਾਗ ਮੁਖੀ ਪ੍ਰੋ. ਸੁਖਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ, ਪ੍ਰੋ. ਕੌਸ਼ਲ ਰਾਣੀ ਨੇ ਮੰਚ ਸੰਚਾਲਨ ਅਤੇ ਪ੍ਰੋ. ਅਮਰਜੀਤ ਕੌਰ ਨੇ ਸਭਨਾਂ ਦਾ ਧੰਨਵਾਦ ਕੀਤਾ।
- 6 ਅਕਤੂਬਰ 2021 ਨੂੰ ਰੈਡ ਰਿਬਨ ਕਲੱਬ ਅਤੇ ਯੁਵਕ ਭਲਾਈ ਸੇਵਾਵਾਂ ਵਿਭਾਗ ਵੱਲੋਂ ਨਸ਼ੇ ਛੁਡਾਉਣ, ਖੂਨਦਾਨ ਦੀ ਮਹੱਤਤਾ ਅਤੇ ਰਾਸ਼ਟਰੀ ਅਖੰਡਤਾ ਆਦਿ ਵਿਸ਼ਿਆ 'ਤੇ ਜ਼ਿਲ੍ਹਾ

ਪੱਧਰੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬੀ.ਏ. ਭਾਗ ਦੂਜਾ ਦੇ ਅਦਿੱਤਿਆ ਮੋਗਲਾ ਅਤੇ ਨਿਸ਼ਾ ਰਾਣੀ ਨੇ ਪਹਿਲਾ ਸਥਾਨ ਹਾਸਲ ਕੀਤਾ।

- 26 ਨਵੰਬਰ 2021 ਨੂੰ ਕਾਲਜ ਵਿੱਚ ਸੰਵਿਧਾਨ ਦਿਵਸ ਮਨਾਇਆ ਗਿਆ ਜਿਸ ਵਿੱਚ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ, ਵਿਭਾਗ ਮੁਖੀ ਪ੍ਰੋ. ਸੁਖਜੀਤ ਸਿੰਘ, ਪ੍ਰੋ. ਕੌਸ਼ਲ ਰਾਣੀ, ਪ੍ਰੋ. ਅਮਰਜੀਤ ਕੌਰ ਨੇ ਸਾਂਝੇ ਤੌਰ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ।

ਸੰਗੀਤ ਵਿਭਾਗ-

ਵਿੱਦਿਅਕ ਸੈਸ਼ਨ 2021-22 ਦੌਰਾਨ ਇਲਾਕਾ ਨਿਵਾਸੀਆਂ, ਸੰਗੀਤ ਪ੍ਰੇਮੀਆਂ ਅਤੇ ਵਿਦਿਆਰਥੀਆਂ ਦੀ ਪੁਰਜ਼ੋਰ ਮੰਗ ਅਨੁਸਾਰ ਸੰਗੀਤ ਵਿਭਾਗ ਦੇ ਅਣਥੱਕ ਯਤਨਾਂ ਸਦਕਾ, ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਵਾਨਗੀ ਉਪਰੰਤ ਕਾਲਜ ਵਿੱਚ ਐਮ.ਏ. ਸੰਗੀਤ (ਵੋਕਲ) ਦਾ ਕੋਰਸ ਸ਼ੁਰੂ ਕੀਤਾ ਗਿਆ ਅਤੇ ਪੋਸਟ ਗਰੈਜੂਏਟ ਵਿਭਾਗ ਵਿੱਚ 2 ਕਮਰੇ ਤਿਆਰ ਕੀਤੇ ਗਏ।

ਡਾ. ਰਾਜੇਸ਼ ਮੋਹਨ ਨੇ (1) 22 ਸਤੰਬਰ 2021 ਨੂੰ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਫ਼ਰੀਦਕੋਟ ਵੱਲੋਂ ਬਾਬਾ ਫ਼ਰੀਦ ਜੀ ਨੂੰ ਸਮਰਪਿਤ ਇੱਕ ਸੂਫ਼ੀਆਨਾ ਸ਼ਾਮ, (2) ਖਾਲਸਾ ਕਾਲਜ ਅੰਮ੍ਰਿਤਸਰ ਦੀ ਨਾਦ ਪ੍ਰਕਾਸ਼ ਸੰਸਥਾਂ ਵੱਲੋਂ "ਚੜ੍ਹਿਆ ਬਸੰਤ' ਪ੍ਰੋਗਰਾਮ, (3) 19 ਦਸੰਬਰ 2021 ਨੂੰ "ਜਸ਼ਨ-ਏ-ਗਾਲਿਬ" ਅਤੇ "ਮਹਿਫ਼ਲੇ-ਏ-ਉਰਦੂ" ਸਮਾਰੋਹ ਵਿੱਚ ਵਿਸ਼ੇਸ਼ ਮਹਿਮਾਨ ਅਤੇ ਆਸਤਰਿਤ ਸ਼ਾਇਰ ਵਜੋਂ ਸ਼ਿਰਕਤ ਕੀਤੀ।

ਇਸ ਤੋਂ ਇਲਾਵਾ ਡਾ. ਰਾਜੇਸ ਮੋਹਨ ਜੀ ਨੂੰ ਪ੍ਰਸਿੱਧ ਸਮਾਜ ਸੁਧਾਰਕ ਅਤੇ ਆਰੀਆ ਸਮਾਜ ਦੇ ਸੰਸਥਾਪਕ ਸੁਆਮੀ ਦਯਾਨੰਦ ਦੇ ਜਨਮ ਉਤਸਵ ਮੌਕੇ ਆਰੀਆ ਸਮਾਜ ਸੰਸਥਾਂ ਫ਼ਰੀਦਕੋਟ ਵੱਲੋਂ ਵੱਡਮੁੱਲੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੁਰੂਕੁਲ ਕਾਲਜ ਫਾਰ ਵੋਮੈਨ ਕੋਟਕਪੂਰਾ ਵਿਖੇ ਆਯੋਜਿਤ ਕਰਵਾਏ ਗਏ ਖੇਤਰੀ ਯੁਵਕ ਮੇਲੇ ਵਿੱਚ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਇਸ ਮੇਲੇ ਦੇ (1) ਸ਼ਬਦ ਗਾਇਣ ਮੁਕਾਬਲੇ ਵਿੱਚ ਸੰਦੀਪ ਸਿੰਘ, ਕਿਰਨਦੀਪ ਕੌਰ, ਮਨਪ੍ਰੀਤ ਕੌਰ, ਮਨਜੋਤ ਸਿੰਘ, ਗੁਰਸੇਵਕ ਸਿੰਘ ਨੇ ਪਹਿਲਾ ਸਥਾਨ, (2) ਸ਼ਾਸਤਰੀ ਗਾਇਣ ਮੁਕਾਬਲੇ ਵਿੱਚ ਮਨਜੋਤ ਸਿੰਘ ਨੇ ਪਹਿਲਾ ਸਥਾਨ, (3) ਕਵਿਸ਼ਰੀ ਗਾਇਣ ਮੁਕਾਬਲੇ ਵਿੱਚ ਰੁਪਿੰਦਰਜੀਤ ਕੌਰ, ਸਿਮਰਨਜੀਤ ਕੌਰ, ਲਵਬੀਰ ਕੌਰ ਨੇ ਪਹਿਲਾ, (4) ਵਾਰ ਗਾਇਣ ਮੁਕਾਬਲੇ ਵਿੱਚ ਪੂਜਾ ਕੌਰ, ਗਗਨਦੀਪ ਕੌਰ ਨੇ ਪਹਿਲਾ ਸਥਾਨ, (5) ਕਲੀ ਗਾਇਣ ਮੁਕਾਬਲੇ ਵਿੱਚ ਹਰਮਨਪ੍ਰੀਤ ਸਿੰਘ, ਨਿਰਵੈਰ ਸਿੰਘ ਨੇ ਪਹਿਲਾ, (6) ਨਾਨ ਪ੍ਰਕਸ਼ਨ (ਵਾਇਲਨ ਵਾਦਨ) ਵਿੱਚ ਵੀਰਪਾਲ ਕੌਰ ਨੇ ਪਹਿਲਾ ਸਥਾਨ, (7) ਪੱਛਮੀ ਸੋਲੋ ਇੰਸਟਰੂਮੈਂਟਲ ਮੁਕਾਬਲੇ ਵਿੱਚ ਰਿਤੇਸ ਕੁਮਾਰ ਨੇ ਪਹਿਲਾ ਸਥਾਨ, (8) ਪੱਛਮੀ ਸਮੂਹ ਗਾਇਣ ਵਿੱਚ ਕਾਲਜ ਟੀਮ ਨੇ ਦੂਜਾ ਸਥਾਨ, (9) ਭਾਰਤੀ ਸਮੂਹ ਗਾਇਣ ਵਿੱਚ ਕਾਲਜ ਟੀਮ ਨੇ ਦੂਜਾ ਸਥਾਨ, (9) ਫੋਕ ਆਰਕੈਸਟਰਾ ਸੋਲੋ ਵਿੱਚ ਦੂਜਾ ਸਥਾਨ, (10) ਲੋਕ ਗੀਤ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਬੀ.ਏ. ਭਾਗ ਤੀਜਾ ਦੇ ਵਿਦਿਆਰਥੀ ਨੇ ਕਲਾਸੀਕਲ ਪ੍ਰਕਸ਼ਨ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਇਸ ਉਪਰੰਤ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਰੁਪਿੰਦਰ ਕੌਰ, ਸਿਮਰਨਜੀਤ ਕੌਰ ਅਤੇ ਲਖਬੀਰ ਕੌਰ ਨੇ ਕਵੀਸ਼ਰੀ ਗਾਇਣ ਵਿੱਚ ਗੋਲਡ ਮੈਡਲ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ ਹੈ।

ਫ਼ਿਲਾਸਫ਼ੀ ਵਿਭਾਗ-

1. 8 ਫ਼ਰਵਰੀ 2021 ਨੂੰ ਫ਼ਿਲਾਸਫ਼ੀ ਵਿਭਾਗ ਵੱਲੋਂ ਵਾਤਾਵਰਨ ਪ੍ਰਦੂਸ਼ਣ ਅਤੇ ਸਾਂਭ ਸੰਭਾਲ ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ- ਆਂਚਲਪ੍ਰੀਤ ਕੌਰ, ਸਿਰਮਨਜੀਤ ਕੌਰ, ਜੋਤੀ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕੀਤਾ।
2. 5 ਸਤੰਬਰ 2021 ਨੂੰ ਫਿਲਾਸਫੀ ਵਿਭਾਗ ਵਿੱਚ ਅਧਿਆਪਕ ਦਿਵਸ ਮਨਾਇਆ ਗਿਆ।

ਹਿੰਦੀ ਵਿਭਾਗ-

1) 14 ਸਤੰਬਰ 2021 ਨੂੰ ਹਿੰਦੀ ਵਿਭਾਗ ਵੱਲੋਂ ਹਿੰਦੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਅਤੇ ਲੇਖ ਰਚਨਾ ਪ੍ਰਤਿਯੋਗਤਾ ਦਾ ਆਯੋਜਨ ਕੀਤਾ ਗਿਆ ਅਤੇ ਜੇਤੂਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।
2) 21 ਫ਼ਰਵਰੀ 2022 ਨੂੰ ਹਿੰਦੀ ਵਿਭਾਗ ਵਿੱਚ ਪ੍ਰਸਿੱਧ ਕਵੀ ਸੂਰਯਾਕਾਂਤ ਤ੍ਰਿਪਾਠੀ ਨਿਰਾਲਾ ਦੇ ਜਨਮ ਦਿਨ ਮੌਕੇ ਕਵਿਤਾ ਪ੍ਰਤੀਯੋਗਤਾ ਕਰਵਾਈ ਗਈ ਅਤੇ ਜੇਤੂਆਂ ਨੂੰ ਸਰਟੀਫਿਕੇਟ ਵੰਡੇ ਗਏ।

ਕਾਮਰਸ ਵਿਭਾਗ-

ਕਾਮਰਸ ਵਿਭਾਗ ਵੱਲੋਂ ਸਾਲ 1998 ਤੋਂ ਵਿਭਾਗੀ ਬੁੱਕ ਬੈਂਕ ਚਲਾਇਆ ਜਾ ਰਿਹਾ ਹੈ। ਇਸ ਬੁੱਕ ਬੈਂਕ ਵਿੱਚੋਂ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕਿਤਾਬਾਂ ਦਾਨ ਕੀਤੀਆਂ ਜਾਂਦੀਆਂ ਹਨ ਜਿਸ ਵਿੱਚੋਂ ਸਮੇਂ-ਸਮੇਂ ਜਰੂਰਤਮੰਦ ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ।

1. ਡਾ. ਪੂਜਾ ਭੱਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਫੈਕਲਟੀ ਆਫ਼ ਬਿਜ਼ਨਿਸ ਸਟੱਡੀਜ਼ ਦੇ ਮੈਂਬਰ ਹਨ।
2. ਡਾ. ਗਗਨਦੀਪ ਕੌਰ ਨੇ 3-4 ਜੁਲਾਈ 20221 ਨੂੰ ਪੰਜਾਬ ਸਟੇਟ ਕੌਂਸਲ, ਸਟੱਡੀ ਸਰਕਲ ਫ਼ਰੀਦਕੋਟ ਵੱਲੋਂ ਆਯੋਜਿਤ "ਅਧਿਆਪਨ-ਇੱਕ ਬਖਸ਼ਿਸ਼" ਵਿਸ਼ੇ 'ਤੇ ਕੇਂਦਰੀ ਪੱਧਰ ਦੀ ਆਨ ਲਾਈਨ ਅਧਿਆਪਕ ਕਾਰਜਸ਼ਾਲਾ ਵਿੱਚ ਭਾਗ ਲਿਆ ਅਤੇ ਇਨ੍ਹਾਂ ਦਾ ਇੱਕ ਆਰਟੀਕਲ "ਤਾਲਾਬੰਦੀ ਦੇ ਸਾਰਥਿਕ ਪੱਖ" ਵਿਸ਼ੇ 'ਤੇ ਪੰਜਾਬ ਟਾਈਮਜ਼ ਅਖ਼ਬਾਰ ਵਿੱਚ ਛਪਿਆ।
3. ਸ਼ਿਫਤ (ਬੀ.ਕਾਮ.-3) ਨੇ ਜੀ.ਵੀ.ਐਮ. ਗਰਲਜ਼ ਕਾਲਜ ਸੋਨੀਪਤ ਵੱਲੋਂ ਕਰਵਾਏ ਗਏ ਆਨ ਲਾਈਨ ਸਲੋਗਨ ਲੇਖਨ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਵਿਦਿਆਰਥੀਆਂ ਨੇ ਕਾਲਜ ਵੱਲੋਂ ਕਰਵਾਏ ਗਏ 'ਜ਼ਲਿਆਂ ਵਾਲਾ ਬਾਗ ਦੇ ਸਾਕੇ ਨਾਲ ਸੰਬੰਧਤ ਪ੍ਰਸ਼ੋਨਤਰੀ' ਮੁਕਾਬਲੇ ਵਿੱਚ 100% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ।
4. ਖੇਤਰੀ ਯੁਵਕ ਮੇਲੇ (22-25 ਅਕਤੂਬਰ 2021) ਵਿੱਚ ਹਿਮਾਂਸੀ ਗਰਗ (ਬੀ.ਏ.-2) ਨੇ ਡਿਬੇਟ ਮੁਕਾਬਲੇ ਵਿੱਚ ਦੂਜਾ ਅਤੇ ਖੁਸ਼ੀ ਨੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਰਿੰਕਲ ਪ੍ਰਜਾਪਤੀ ਨੇ ਪ੍ਰਸ਼ੋਨਤਰੀ ਮੁਕਾਬਲੇ ਦੀ ਟੀਮ ਵਿੱਚ ਭਾਗ ਲਿਆ ਅਤੇ ਇਸ ਟੀਮ ਨੇ ਖੇਤਰੀ ਯੁਵਕ ਮੇਲੇ ਵਿੱਚ ਪਹਿਲਾ ਸਥਾਨ ਅਤੇ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।
5. ਜਸਕਿਰਨ ਸਿੰਘ (ਬੀ.ਕਾਮ.-3) ਅਤੇ ਬਬਲਪ੍ਰੀਤ ਕੌਰ (ਬੀ.ਕਾਮ.-1) ਨੇ ਖੇਤਰੀ ਯੁਵਕ ਮੇਲੇ ਦੀ ਵੰਨਗੀ- ਨੁੱਕੜ ਨਾਟਕ ਵਿੱਚ ਭਾਗ ਲਿਆ ਅਤੇ ਤੀਜਾ ਸਥਾਨ ਹਾਸਲ ਕੀਤਾ।

6. ਲਵਲੀਨ ਕੌਰ (ਬੀ.ਕਾਮ.-3) ਨੇ ਪੰਜਾਬੀ ਵਿਭਾਗ ਵੱਲੋਂ ਸਲੋਗਨ ਲੇਖਨ ਮੁਕਾਬਲੇ ਵਿੱਚ ਅਤੇ ਰੈਡ ਕਰਾਸ ਕਰਾਸ ਯੂਨਿਟ ਵੱਲੋਂ ਕਰਵਾਏ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।
7. ਅਮਰਪ੍ਰੀਤ ਕੌਰ (ਬੀ.ਕਾਮ.-3) ਨੇ ਰੈਡ ਕਰਾਸ ਯੂਨਿਟ ਵੱਲੋਂ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
8. ਕਮਰਸ ਵਿਭਾਗ ਵੱਲੋਂ 5 ਸਤੰਬਰ 2021 ਨੂੰ ਅਧਿਆਪਕ ਦਿਵਸ ਮਨਾਇਆ ਗਿਆ।

ਕਮਿਸਟਰੀ ਵਿਭਾਗ-

ਕਮਿਸਟਰੀ ਵਿਭਾਗ ਦੇ ਡਾ. ਅਮਿਤਾ ਰਾਣੀ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਗੋਲਡੀ, ਪ੍ਰੋ. ਸਿਮਰਜੀਤ ਕੌਰ ਨੇ ਆਪਣੇ ਵਿਸ਼ਿਆਂ ਨੂੰ ਹੋਰ ਨਿਖਾਰਨ ਲਈ AICTE-ISTE-IKG PTU ਵੱਲੋਂ "Surface Engineering and Coating : Fundamental Practice and Application" ਵਿਸ਼ੇ 'ਤੇ ਆਯੋਜਿਤ ਹਫਤਾਵਰੀ Faculty Development Programm ਲਗਾਇਆ।

1. ਐਮ.ਐਸ.ਸੀ. ਕਮਿਸਟਰੀ ਦੇ ਵਿਦਿਆਰਥੀ ਸੰਦੀਪ ਕੌਰ, ਦੀਪਕ ਕੁਮਾਰ, ਸੁਖਜਿੰਦਰ ਸਿੰਘ ਅਤੇ ਸੁਖਵੀਰ ਕੌਰ ਆਦਿ ਪੰਜਾਬ ਸਰਕਾਰ ਦੇ ਮਾਸਟਰ ਕੇਡਰ ਵਿੱਚ ਚੁਣੇ ਗਏ।
2. ਸੰਦੀਪ ਕੌਰ ਬਤੌਰ ਸਕੂਲ ਲੈਕਚਰਾਰ ਅਤੇ ਤਨੀਸ਼ਾ ਨੇ ਪੀ.ਡਬਲਯੂ.ਡੀ. ਵਿਭਾਗ ਵਿੱਚ ਨੌਕਰੀ ਪ੍ਰਾਪਤ ਕੀਤੀ।
3. ਬੀ.ਐਸ.ਸੀ. ਦੇ ਵਿਦਿਆਰਥੀ ਅਭਿਸ਼ੇਕ ਸ਼ਰਮਾ ਨੇ ਪੋਸਟ ਆਫਿਸ ਵਿਭਾਗ ਵਿੱਚ ਨੌਕਰੀ ਪ੍ਰਾਪਤ ਕੀਤੀ।

ਫਿਜੀਕਸ ਵਿਭਾਗ-

ਫਿਜੀਕਸ ਵਿਭਾਗ ਦੇ ਪ੍ਰੋ. ਅਮਿਤ ਜੋਸ਼ੀ ਨੇ Internationl Conference on "Materials for Emerging Technologies (ICMET-22)" on 14 Feb., 2022 ਵਿੱਚ ਆਪਣਾ ਪੇਪਰ ਪੜ੍ਹਿਆ, ਅਤੇ International e-conference on innovation and challenges in research publishing ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਪ੍ਰੋ. ਅਮਿਤ ਜੋਸ਼ੀ ਨੇ DST-SERB & DBT Sponsored National Conference- "Recent Advances in Science & Technology for Sustainable Developments (RASTSD-2022)" on 05-03-2022 at D.A.V. College, Bathinda ਵਿਖੇ ਆਪਣਾ ਪੇਪਰ ਪੜ੍ਹਿਆ।

1. ਵਿਦਿਆਰਥੀ ਪ੍ਰੇਮ ਚੰਦ, ਕਰਨ ਕਟਾਰੀਆ, ਭੁਪਿੰਦਰ ਕੰਬੋਜ, ਪਰਮਪਾਲ ਸੰਧੂ, ਯਾਕੇਸ਼ ਗੋਇਲ ਆਦਿ IOL Barnala ਵਿਖੇ Select ਹੋਏ।

ਬਾਇਓਲੋਜੀ ਵਿਭਾਗ (ਬਾਟਨੀ+ਜੁਆਲੋਜੀ)-

ਜੁਆਲੋਜੀ ਵਿਭਾਗ ਦੇ ਪ੍ਰੋ. ਵਰਿੰਦਰ ਮੱਕੜ ਨੇ-

(1) ਜੂਨ 2021 ਵਿੱਚ ਸਰਕਾਰੀ ਕਾਲਜ, ਓਜੈਨ (ਮੱਧ ਪ੍ਰਦੇਸ਼) ਵੱਲੋਂ ਕਰਵਾਏ **"Eco System"** ਵਿਸ਼ੇ 'ਤੇ ਕਰਵਾਏ ਅੰਤਰ ਰਾਸ਼ਟਰੀ ਵੈਬੀਨਾਰ ਵਿੱਚ ਭਾਗ ਲਿਆ।

(2) 12 ਜੂਨ 2021 ਨੂੰ **School of Pharmacy & Department of Science, Rai University, Ahemdabar** ਵੱਲੋਂ ਕਰਵਾਏ ਵੈਬੀਨਾਰ **"Dissolution Testing of Formulation : A Regulatory Industry and Academic Prospective"** ਵਿੱਚ ਭਾਗ ਲਿਆ।

(3) 05-10 ਜੁਲਾਈ 2021 ਨੂੰ ਸ੍ਰੀ ਐਸ.ਆਰ. ਕਾਂਥੀ ਕਮਰਸ ਐਂਡ ਸਾਇੰਸ ਕਾਲਜ, ਮੁਦੱਈ (ਬੇਲਗਾਵੀ) ਵੱਲੋਂ ਕਰਵਾਏ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਭਾਗ ਲਿਆ।

(4) 29 ਜੁਲਾਈ 2021 ਨੂੰ ਗੌਰਮਿੰਟ ਗਰਲਜ਼ ਕਾਲਜ, ਉਜੈਨ (ਮੱਧ ਪ੍ਰਦੇਸ਼) ਵੱਲੋਂ ਅੰਤਰ ਰਾਸ਼ਟਰੀ ਟਾਈਗਰ ਡੇਅ ਮੌਕੇ ਕਰਵਾਏ ਵੈਬੀਨਾਰ ਵਿੱਚ ਭਾਗ ਲਿਆ।

(5) 06-12 ਅਗਸਤ 2021 ਨੂੰ ਗੌਰਮਿੰਟ ਕਾਲਜ ਫਾਰ ਗਰਲਜ਼, ਚੰਡੀਗੜ੍ਹ ਵੱਲੋਂ ਕਰਵਾਏ ਫੈਕਲਟੀ ਡਿਵੈਲਵਮੈਂਟ ਪ੍ਰੋਗਰਾਮ **"Science, Social Science & Humanity : A Quest for Interdiscipilanary understanding"** ਵਿੱਚ ਭਾਗ ਲਿਆ।

(6) 24 ਫ਼ਰਵਰੀ 2022 ਨੂੰ ਆਰ.ਬੀ.ਵੀ.ਆਰ.ਆਰ. ਵੋਮੈਨ ਕਾਲਜ, ਹੈਦਰਾਬਾਦ ਵੱਲੋਂ ਕਰਵਾਏ **"IPR & Patents"** ਵਿਸ਼ੇ 'ਤੇ ਵੈਬੀਨਾਰ ਅਟੈਂਡ ਕੀਤਾ।

1. 28 ਫ਼ਰਵਰੀ 2021 ਨੂੰ ਵਿਭਾਗ ਵੱਲੋਂ ਨੈਸ਼ਨਲ ਸਾਇੰਸ ਦਿਵਸ ਮੌਕੇ ਆਨ ਲਾਈਨ ਕੁਇਜ਼ ਮੁਕਾਬਲਾ ਕਰਵਾਇਆ ਗਿਆ।
2. 7 ਅਪ੍ਰੈਲ 2021 ਨੂੰ ਵਰਲਡ ਹੈਲਥ ਡੇਅ ਮੌਕੇ ਪ੍ਰੋ. ਵਰਿੰਦਰ ਮੱਕੜ ਨੇ **"Women Health Status in India"** ਵਿਸ਼ੇ 'ਤੇ ਵਿਦਿਆਰਥੀਆਂ ਨੂੰ ਆਨ ਲਾਈਨ ਲੈਕਚਰ ਦਿੱਤਾ।
3. 31 ਮਈ 2021 ਨੂੰ **World No Tabacoo Day** ਮਨਾਇਆ ਗਿਆ ਜਿਸ ਵਿੱਚ ਡਾ. ਕਮਲਜੀਤ ਕੌਰ (ਸੇਵਾ-ਮੁਕਤ ਪ੍ਰੋਫੈਸਰ) ਨੇ ਵਿਦਿਆਰਥੀਆਂ ਨੂੰ ਆਨ ਲਾਈਨ ਲੈਕਚਰ ਦਿੱਤਾ।
4. 05 ਜੂਨ 2021 ਨੂੰ ਵਿਭਾਗ **World Environmental Day** ਮੌਕੇ ਅਸ਼ਵਗੰਧਾ ਅਤੇ ਹੋਰ ਜੜੀ-ਬੂਟੀਆਂ ਦੇ ਬੂਟੇ ਲਗਾਏ ਗਏ।
5. 16 ਸਤੰਬਰ 2021 ਨੂੰ **World Ozone Day** ਮਨਾਇਆ ਗਿਆ।
6. 01 ਅਕਤੂਬਰ - 07 ਅਕਤੂਬਰ 2021 ਤੱਕ **World Wild Life Week** ਮਨਾਇਆ ਗਿਆ।
7. 11 ਅਗਸਤ 2021 ਨੂੰ ਵਿਭਾਗ ਵੱਲੋਂ ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਵਿਭਾਗ ਦੇ ਸਹਿਯੋਗ ਨਾਲ ਸਿੱਖ ਗੁਰੂਦੁਆਰਿਆ ਵਿੱਚ ਰੁੱਖ ਅਤੇ ਉਨ੍ਹਾਂ ਦੀ ਮਹੱਤਤਾ ਬਾਰੇ ਲੈਕਚਰ ਦਿੱਤਾ।
8. 02 ਅਗਸਤ 2021 ਨੂੰ ਬਾਟਨੀ ਵਿਭਾਗ ਦੇ ਮੁਖੀ ਅਤੇ ਪ੍ਰਿੰਸੀਪਲ ਡਾ. ਰਮਿੰਦਰ ਘਈ ਜੀ ਨੂੰ ਸੇਵਾ-ਮੁਕਤੀ ਉਪਰੰਤ ਵਿਦਾਇਗੀ ਪਾਰਟੀ ਦਿੱਤੀ ਗਈ।
9. 28 ਅਕਤੂਬਰ 2021 ਨੂੰ ਬੀੜ ਸੁਸਾਇਟੀ ਫ਼ਰੀਦਕੋਟ ਦੇ ਚੇਅਰਮੈਨ ਸ. ਗੁਰਪ੍ਰੀਤ ਸਿੰਘ ਸਰਾਂ ਵੱਲੋਂ **Tree Plantation Campaign** ਚਲਾਈ ਗਈ ਅਤੇ ਵਿਭਾਗ ਬੂਟਿਆ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸਮਾਜ ਸੇਵੀ ਪ੍ਰੋ. ਨਿਤਨੇਮ ਸਿੰਘ ਬਰਾੜ ਉਚੇਚੇ ਤੌਰ 'ਤੇ ਪਹੁੰਚੇ।
10. 01 ਦਸੰਬਰ 2021 ਨੂੰ **World Aids Day** ਮੌਕੇ ਏਡਜ਼ ਬਾਰੇ ਜਾਣਕਾਰੀ ਦਿੱਤੀ ਗਈ।
11. 25 ਅਕਤੂਬਰ 2021 ਨੂੰ ਨਿਤਾਸ਼ਾ (ਬੀ.ਐਸ.ਸੀ.-2) ਨੇ ਗੁਰੂਕੁਲ ਕਾਲਜ ਫਾਰ ਵੋਮੈਨ ਕੋਠੇ ਕੋਟਕਪੂਰਾ ਵਿਖੇ ਯੂਥ ਫੈਸਟੀਵਲ ਦੌਰਾਨ ਗੁੱਡੀਆਂ ਪਟੋਲੇ ਆਈਟਮ ਵਿੱਚ ਤੀਜਾ ਸਥਾਨ ਹਾਸਲ ਕੀਤਾ।
12. 23 ਨਵੰਬਰ 2021 ਨੂੰ ਬੀ.ਐਸ.ਸੀ.-3 ਦੇ ਵਿਦਿਆਰਥੀਆਂ ਦੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫ਼ਰੀਦਕੋਟ ਵਿਖੇ ਰਜਿਸਟ੍ਰੇਸ਼ਨ ਲਈ ਵਿਜ਼ਿਟ ਕਰਵਾਈ।
13. 13 ਦਸੰਬਰ 2021 ਨੂੰ **"Plant Taxonomy"** ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਵਿੱਚ ਮੁੱਖ ਵਕਤਾ ਵਜੋਂ ਰਾਏ ਸਿੰਘ (ਪੁਰਾਣਾ ਵਿਦਿਆਰਥੀ) ਰਿਸਰਚ ਸਕਾਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।
14. 23 ਦਸੰਬਰ 2021 ਨੂੰ ਵਿਭਾਗ ਵੱਲੋਂ ਚਾਰ ਸਾਹਿਬਜ਼ਾਦਿਆਂ ਜੀ ਦੀ ਯਾਦ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ।

15. 28 ਫ਼ਰਵਰੀ 2022 ਨੂੰ ਵਿਭਾਗ ਵੱਲੋਂ ਮਨਾਏ ਗਏ **"National Science Day"** ਵਿੱਚ ਮੁੱਖ ਵਕਤਾ ਵਜੋਂ ਰਾਏ ਸਿੰਘ (ਪੁਰਾਣਾ ਵਿਦਿਆਰਥੀ) ਰਿਸਰਚ ਸਕਾਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ **"Techniques & Pracites in Plant Systematics"** ਵਿਸ਼ੇ 'ਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।

ਗਣਿਤ ਵਿਭਾਗ-

1. ਪ੍ਰੋ. ਨਵੀਨ ਜੈਨ, ਬੋਰਡ ਆਫ਼ ਸ਼ੋਸਲ ਸਾਇੰਸਜ਼ ਅਤੇ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਹਨ।
2. ਪ੍ਰੋ. ਨਵੀਨ ਜੈਨ ਅਤੇ ਪ੍ਰੋ. ਆਰਤੀ ਰਾਣੀ ਨੇ **Mathematical Sciences Department, Bodoland University, Kokarchar** ਦੁਆਰਾ ਆਯੋਜਿਤ ਵਰਕਸ਼ਾਪ **"On Voice Thread"** ਵਿੱਚ ਭਾਗ ਲਿਆ।

ਖੇਤੀਬਾੜੀ ਵਿਭਾਗ-

1. ਵਿੱਦਿਅਕ ਸੈਸ਼ਨ: 2021-22 ਦੌਰਾਨ ਖੇਤੀਬਾੜੀ ਵਿਭਾਗ ਵਿੱਚ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੀ **Collabortion** ਨਾਲ 2 ਨਵੇਂ ਕਿੱਤਾ ਮੁਖੀ ਕੋਰਸ **(1) Certificate Diploma in Horticulture and Food Preservaion and (2) Certificate Deiploma in Organic Farming** ਸ਼ੁਰੂ ਕੀਤੇ ਗਏ।
2. ਬੀ.ਐਸ.ਸੀ. ਖੇਤੀਬਾੜੀ ਆਨਰਜ਼ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਲਗਾਏ ਗਏ ਵਰਚੂਅਲ ਕਿਸਾਨ ਮੇਲਿਆ ਵਿੱਚ ਭਾਗ ਲੈ ਕੇ ਆਪਣੇ ਗਿਆਨ ਭੰਡਾਰ ਵਿੱਚ ਵਾਧਾ ਕੀਤਾ ਗਿਆ।
3. ਖੇਤੀਬਾੜੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਵੱਲੋਂ ਵਿਦਿਆਰਥੀਆਂ ਨੂੰ ਫਲੋਰੀਕਲਚਰ ਅਤੇ ਪੋਮੋਲੋਜ਼ੀ ਵਿਸ਼ਿਆ ਨਾਲ ਸੰਬੰਧਤ ਨਰਸਰੀਆਂ ਅਤੇ ਸੁਆਇਲ ਲੈਬਜ਼, ਕ੍ਰਿਸ਼ੀ ਵਿਗਿਆਨ ਕੇਂਦਰ ਫ਼ਰੀਦਕੋਟ ਵਿਖੇ ਵਿਜ਼ਿਟ ਕਰਵਾਈ ਗਈ।
4. ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੇ ਅੰਤਰ ਕਾਲਜ ਕ੍ਰਿਕਟ ਟੂਰਨਾਮੈਂਟ ਵਿੱਚ ਭਾਗ ਲਿਆ।
5. ਦੀਪਤੀ ਅਰੋੜਾ (ਬੀ.ਐਸ.ਸੀ. ਖੇਤੀਬਾੜੀ-4) ਨੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
6. ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੇ **"Advances in agri prenueship & skill development for recipating the future of Indian Agriculture"** ਵਿਸ਼ੇ 'ਤੇ ਆਨ ਲਾਈਨ ਇੰਟਰਨੈਸ਼ਨਲ ਟਰੇਨਿੰਗ ਵਿੱਚ ਭਾਗ ਲਿਆ।
7. ਪੰਜਾਬ ਸਰਕਾਰ ਦੀ ਘਰ ਘਰ ਰੋਜ਼ਗਾਰ ਮੁਹਿੰਮ ਤਹਿਤ ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਰੋਜ਼ਗਾਰ ਮੇਲੇ ਅਟੈਂਡ ਕੀਤੇ ਗਏ।
8. ਖੇਤੀਬਾੜੀ ਵਿਭਾਗ ਵੱਲੋਂ **Weed Management** ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਸ੍ਰੀ ਰਾਏ ਸਿੰਘ (ਪੀ.ਐਚ.ਡੀ. ਬਾਟਨੀ) ਬਤੌਰ ਮੁਖ ਵਕਤਾ ਵਜੋਂ ਸ਼ਿਰਕਤ ਕੀਤੀ।

ਕੰਪਿਊਟਰ ਵਿਭਾਗ-

1. ਅਰਸ਼ਦੀਪ ਕੌਰ (ਬੀ.ਸੀ.ਏ.-1) ਨੇ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਦੇ ਸਲੋਗਨ ਰਾਈਟਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
2. ਅਰਸ਼ਦੀਪ ਕੌਰ (ਬੀ.ਸੀ.ਏ.-1) ਨੇ ਯੂਥ ਫੈਸਟੀਵਲ-2021 ਵਿੱਚ ਭਾਗ ਲਿਆ।
3. ਪ੍ਰੋ. ਗੌਰਨ ਧਵਨ ਨੇ 14 ਫ਼ਰਵਰੀ ਤੋਂ 18 ਫ਼ਰਵਰੀ 2022 ਤੱਕ 5 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ **"Mentoring for Institutional Social Responsibility and Facilitation for Community Engagement"** ਵਿੱਚ ਭਾਗ ਲਿਆ।

**Learner Support Centre**

ਜਗਤ ਗੁਰੂ ਨਾਨਕ ਦੇਵ, ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੁਆਰਾ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ **Learner Support Centre** ਸਥਾਪਿਤ ਕਰਦੇ ਹੋਏ ਬ੍ਰਿਜਿੰਦਰਾ ਕਾਲਜ ਨੂੰ **Certificate/Dimploma in Horticulture and Food Preservation** ਅਤੇ **Certificate/Diploma in Organic Farming** ਲਈ **Affiliation** ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਕੋਰਸਾਂ ਵਿੱਚ ਹੁਣ ਤੱਕ 47 ਵਿਦਿਆਰਥੀ ਦਾਖਲਾ ਲੈ ਚੁੱਕੇ ਹਨ ਅਤੇ ਇਹ ਪੜ੍ਹਾਈ **Online/Offline/Blended Mode** ਰਾਹੀਂ ਕਰਵਾਈ ਜਾਵੇਗੀ।

ਲਾਇਬਰੇਰੀ-

ਵਿੱਦਿਅਕ ਸੈਸ਼ਨ: 2021-22 ਦੌਰਾਨ ਕਾਲਜ ਦੀ ਗੁਰੂ ਨਾਨਕ ਦੇਵ ਲਾਇਬਰੇਰੀ ਵਿੱਚ 'ਇਮਾਨਦਾਰੀ ਦੀ ਦੁਕਾਨ' ਦਾ ਆਗਾਜ਼ ਕੀਤਾ ਗਿਆ ਜਿਸ ਵਿਦਿਆਰਥੀ ਅਤੇ ਅਧਿਆਪਕ, ਫਰੀ ਕਿਤਾਬਾਂ ਲੈ ਕੇ ਪੜ੍ਹ ਸਕਦੇ ਹਨ ਅਤੇ ਸਵੈ-ਇੱਛਾ ਨਾਲ ਆਪਣੀਆਂ ਪੁਰਾਣੀਆਂ ਕਿਤਾਬਾਂ ਦਾਨ ਕਰ ਸਕਦੇ ਹਨ ਜਿਸ ਤੋਂ ਭਵਿੱਖ ਵਿੱਚ ਅਨੇਕਾਂ ਲੋੜਵੰਦ ਵਿਦਿਆਰਥੀ ਲਾਭ ਉਠਾ ਸਕਦੇ ਹਨ।

1. ਕਾਲਜ ਦੇ ਪੁਰਾਣੇ ਅਤੇ ਮੌਜੂਦਾ ਪ੍ਰੋਫੈਸਰ ਸਾਹਿਬਾਨ ਵੱਲੋਂ ਪਬਲੀਕੇਸ਼ਨ ਦੀਆਂ ਕੁੱਝ ਕਿਤਾਬਾਂ, ਲਾਇਬਰੇਰੀ ਵਿੱਚ ਜਮ੍ਹਾਂ ਕਰਵਾਈਆਂ ਗਈਆਂ।
2. ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੌੜੀਆਂ 'ਤੇ ਨਵਾਂ ਮੈਟ, ਨਵੇਂ ਬਲਬ-ਟਿਊਬਾਂ, ਟੁੱਟੇ ਸ਼ੀਸ਼ਿਆਂ ਦਾ ਕੰਮ, ਲਾਇਬਰੇਰੀ ਗੇਟ 'ਤੇ ਨਵਾਂ ਫਲੈਕਸ ਬੋਰਡ ਲਗਵਾਇਆ ਗਿਆ।
3. ਸੁਝਾਅ ਬਾਕਸ ਲਗਵਾਇਆ ਗਿਆ।

**ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ:**

ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਖਾਲੀ ਅਸਾਮੀਆਂ ਅਤੇ ਦਾਖਲਾ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ ਗਈ। ਪੰਜਾਬ ਸਰਕਾਰ ਦੇ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ (ਪੰਜਾਬ) ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਲਗਭਗ 3000 ਵਿਦਿਆਰਥੀਆਂ ਦੀ ਘਰ-ਘਰ ਰੋਜ਼ਗਾਰ ਪੋਰਟਲ ਤੇ ਆਨ ਲਾਈਨ ਰਜਿਸਟ੍ਰੇਸ਼ਨ ਕਰਵਾਈ ਗਈ।

1. ਕਾਲਜ ਦੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਦੀ ਯੋਗ ਅਗਵਾਈ ਅਧੀਨ ਕਾਲਜ ਦੇ ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈਲ ਵੱਲੋਂ ਵਿਦਿਆਰਥੀਆਂ ਦੀ ਪਲੇਸਮੈਂਟ ਅਤੇ ਟ੍ਰੇਨਿੰਗ ਲਈ ਇੱਕ **MoU,** **23-02-222** ਨੂੰ **Technaitra, Mohali** ਨਾਲ ਕੀਤਾ ਗਿਆ।
2. 22 ਮਾਰਚ 2020 ਨੂੰ ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ) ਦੇ 10 ਵਿਦਿਆਰਥੀ **IOL Chemicals and Pharmacenticals Ltd., Barnala** ਵਿਖੇ ਨੌਕਰੀ ਲਈ ਚੁਣੇ ਗਏ।

3. 16 ਸਤੰਬਰ 2021 ਨੂੰ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਤਹਿਤ ਜ਼ਿਲ੍ਹਾ ਕਮਿਸ਼ਨਰ ਫ਼ਰੀਦਕੋਟ ਜੀ ਦੀ ਅਗਵਾਈ ਅਧੀਨ 7ਵਾਂ ਰੋਜ਼ਗਾਰ ਮੇਲਾ, ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਲਗਭਗ 15 ਕੰਪਨੀਆਂ ਨੇ ਭਾਗ ਲਿਆ। 1495 ਤੋਂ ਵੱਧ ਪ੍ਰਾਰਥੀਆਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਈ ਅਤੇ 382 ਪ੍ਰਾਰਥੀ ਨੌਕਰੀ ਲਈ ਚੁਣੇ।
4. 16 ਨਵੰਬਰ 2021 ਨੂੰ **Health Care 4U** ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਬੀ.ਏ.-3 ਅਤੇ ਐਮ.ਏ.-2 ਦੇ ਵਿਦਿਆਰਥੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਗਿਆ।
5. 10 ਦਸੰਬਰ 2021 ਨੂੰ ਪ੍ਰੋ. ਮਨਿੰਦਰ ਕੌਰ ਦੀ ਅਗਵਾਈ ਅਧੀਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫ਼ਰੀਦਕੋਟ ਵਿਖੇ ਬੀ.ਏ.-3 ਦੇ 40 ਵਿਦਿਆਰਥੀਆਂ ਦੀ ਵਿਜ਼ਿਟ ਕਰਵਾਈ ਗਈ।
6. 22 ਨਵੰਬਰ 2021 ਨੂੰ ਪ੍ਰੋ. ਵਰਿੰਦਰ ਮੱਕੜ ਅਤੇ ਡਾ. ਦੀਪਾ ਗੋਇਲ ਦੀ ਅਗਵਾਈ ਅਧੀਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫ਼ਰੀਦਕੋਟ ਵਿਖੇ ਬੀ.ਐਸ.ਸੀ. ਦੇ ਵਿਦਿਆਰਥੀਆਂ ਦੀ ਵਿਜ਼ਿਟ ਕਰਵਾਈ ਗਈ।
7. 08 ਮਾਰਚ 2022 ਨੂੰ ਪ੍ਰੋ. ਦਪਿੰਦਰਜੀਤ ਸੁਖੀਜਾ, ਪ੍ਰੋ. ਹਿਮਾਂਸ਼ੂ ਨਾਗਪਾਲ ਅਤੇ ਪ੍ਰੋ. ਸ਼ਮਸ਼ੇਰ ਸਿੰਘ ਦੀ ਅਗਵਾਈ ਅਧੀਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫ਼ਰੀਦਕੋਟ ਵਿਖੇ ਬੀ.ਐਸ.ਸੀ. ਖੇਤੀਬਾੜੀ ਦੇ ਵਿਦਿਆਰਥੀਆਂ ਦੀ ਵਿਜ਼ਿਟ ਕਰਵਾਈ ਗਈ।

ਪੀ.ਟੀ.ਏ.-

ਕਾਲਜ ਵਿੱਚ ਮਾਪਿਆਂ ਅਤੇ ਅਧਿਆਪਕਾਂ ਦੀ ਸੰਸਥਾ ਪੀ.ਟੀ.ਏ. ਫ਼ੰਡ ਬੜਾ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਸੰਸਥਾ ਦੇ ਸ੍ਰੀ ਅਮਿਤ ਜੈਨ (ਸੀਨੀਅਰ ਵਾਈਸ ਪ੍ਰਧਾਨ) ਹਨ ਅਤੇ ਸ਼ਹਿਰ ਦੀਆਂ ਕਈ ਸਨਮਾਨਯੋਗ ਹਸਤੀਆਂ ਅਤੇ ਵਿਦਿਆਰਥੀਆਂ ਦੇ ਮਾਪੇ ਇਸਦੇ ਐਗਜ਼ੈਕਟਿਵ ਮੈਂਬਰ ਹਨ। ਇਸ ਸੰਸਥਾ ਦਾ ਕਾਲਜ ਦੀਆਂ ਵਿਕਾਸਮਈ ਯੋਜਨਾਵਾਂ ਅਤੇ ਮਹੱਤਵਪੂਰਨ ਫ਼ੈਸਲੇ ਲੈਣ ਵਿੱਚ ਭਰਪੂਰ ਸਾਥ ਰਿਹਾ ਹੈ।

ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ-

ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਫ਼ਰੀਦਕੋਟ ਵੱਲੋਂ ਚਲਾਈ ਮੁਹਿੰਮ ਤਹਿਤ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ "ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ" ਕਾਰਜਸ਼ੀਲ ਹੈ। ਇਸ ਕਲੱਬ ਵਿੱਚ 100 ਲੜਕੇ ਅਤੇ ਲੜਕੀਆਂ ਮੈਂਬਰ ਬਣੇ ਹੋਏ ਹਨ ਜਿਹਨਾਂ ਦੇ ਕੋਆਰਡੀਨੇਟਰ ਡਾ. ਪਰਮਿੰਦਰ ਸਿੰਘ, ਇੰਚਾਰਜ ਡਾ. ਨਛੱਤਰ ਸਿੰਘ, ਪ੍ਰੋ. ਪਰਮਜੀਤ ਕੌਰ, ਪ੍ਰੋ. ਜੈਸਮੀਨ ਵਾਲੀਆ ਅਤੇ ਪ੍ਰੋ. ਗੁਰਲਾਲ ਸਿੰਘ ਹਨ। 24 ਜਨਵਰੀ 2021 ਨੂੰ "ਬੇਟੀ ਬਚਾਓ-ਬੇਟੀ ਪੜ੍ਹਾਓ" ਹਫ਼ਤਾਵਾਰ ਮੁਹਿੰਮ ਤਹਿਤ ਸੀ.ਜੇ.ਐਮ.-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਵੱਲੋਂ ਸਰਕਾਰ ਦੁਆਰਾ ਔਰਤਾਂ ਦੀ ਭਲਾਈ ਸੰਬੰਧੀ ਸਕੀਮਾਂ/ਕਾਨੂੰਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

ਰੈੱਡ ਰਿਬਨ ਕਲੱਬ-

ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਾਲਜ ਦੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਚਾਰ ਰੈੱਡ ਰਿਬਨ ਕਲੱਬ ਕਾਰਜਸ਼ੀਲ ਹਨ। ਇਹਨਾਂ ਦੇ ਕਨਵੀਨਰ ਪ੍ਰੋ. (ਡਾ.) ਪਰਮਿੰਦਰ ਸਿੰਘ, ਇੰਚਾਰਜ- ਪ੍ਰੋ. ਮਨਿੰਦਰ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਸੁਖਜੀਤ ਸਿੰਘ ਅਤੇ ਪ੍ਰੋ.

ਗੁਰਲਾਲ ਸਿੰਘ ਹਨ। ਇਹਨਾਂ ਚਾਰਾਂ ਕਲੱਬਾਂ ਵਿੱਚ 30 ਪੀਅਰ ਐਜੂਕੇਟਰ (ਪ੍ਰਤੀ ਕਲੱਬ) ਕੁੱਲ 150 ਪੀਅਰ ਐਜੂਕੇਟਰ ਲੜਕੀਆਂ ਅਤੇ ਲੜਕੇ ਮੈਂਬਰ ਹਨ।

1. 23 ਜਨਵਰੀ 2021 ਨੂੰ ਰੈਡ ਰਿਬਨ ਕਲੱਬ ਵੱਲੋਂ 32ਵਾਂ ਰਾਸ਼ਟਰੀ ਸੜਕ ਸੁਰੱਖਿਆ ਮੁਹਿੰਮ ਤਹਿਤ ਟ੍ਰੈਫ਼ਿਕ ਅਤੇ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਕਾਲਜ ਵਿਖੇ ਆਯੋਜਿਤ ਕੀਤੇ ਗਏ ਸੈਮੀਨਾਰ ਵਿੱਚ ਟ੍ਰੈਫ਼ਿਕ ਪੁਲਿਸ ਵਿਭਾਗ ਫ਼ਰੀਦਕੋਟ ਦੇ ਸ. ਬਲਦੇਵ ਸਿੰਘ, ਸ. ਮਨਦੀਪ ਸਿੰਘ, ਸ. ਬਲਕਾਰ ਸਿੰਘ ਨੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।
2. 8 ਮਾਰਚ 2021 ਨੂੰ ਅੰਤਰ ਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ ਜਿਸ ਵਿੱਚ ਡਾ. ਰਮਿੰਦਰ ਘਈ ਨੇ ਅੰਤਰ ਰਾਸ਼ਟਰੀ ਮਹਿਲਾ ਦਿਵਸ ਦੇ ਪਿਛੋਕੜ 'ਤੇ ਚਾਨਣਾ ਪਾਇਆ ਅਤੇ ਰੈਡ ਰਿਬਨ ਦੇ ਵਲੰਟੀਅਰਾਂ ਨੇ ਔਰਤ ਦਿਵਸ ਦੇ ਸਬੰਧੀ ਆਪੋਂ-ਆਪਣੇ ਵਿਚਾਰ ਪ੍ਰਗਟ ਕੀਤੇ।
3. 7 ਜੂਨ 2021 ਨੂੰ ਰੈਡ ਰਿਬਨ ਵਿਭਾਗ ਵੱਲੋਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਵਲੰਟੀਅਰਾਂ ਅਤੇ ਪਿੰਡਾਂ ਮੋਰਾਂਵਾਲੀ ਦੇ ਲੋਕਾਂ ਵੱਲੋਂ ਸਾਂਝੇ ਤੌਰ 'ਤੇ ਪਿੰਡ ਵਿੱਚ ਛਾਂ ਵਾਲੇ ਪੌਦੇ ਲਗਾਏ ਗਏ।
4. 5 ਜੂਨ 2021 ਨੂੰ **World Environment Day** ਮੌਕੇ ਆਨ ਲਾਈਨ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।
5. 21 ਜੂਨ 2021 ਨੂੰ ਆਨ ਲਾਈਨ **Happy International Yoga Day-2021** ਮਨਾਇਆ ਗਿਆ।
6. 6 ਅਕਤੂਬਰ 2021 ਨੂੰ ਯੁਵਕ ਸੇਵਾਵਾਂ ਵਿਭਾਗ ਅਧੀਨ ਆਯੋਜਿਤ ਕੀਤੇ ਜ਼ਿਲ੍ਹਾ ਪੱਧਰੀ ਸਲੋਗਨ ਲੇਖਨ, ਪੋਸਟਰ ਮੇਕਿੰਗ ਅਤੇ ਕੁਇਜ਼ ਮੁਕਾਬਲਿਆਂ ਵਿੱਚ ਸ. ਅਮਰੀਕ ਸਿੰਘ (ਡੀ.ਪੀ.ਆਰ.ਓ., ਫ਼ਰੀਦਕੋਟ) ਪਹੁੰਚੇ। ਇਸ ਮੌਕੇ ਜੈਤੂ ਵਿਦਿਆਰਥੀਆਂ ਨੂੰ ਮੋਮੈਂਟੋ, ਸਰਟੀਫਿਕੇਟ ਅਤੇ ਨਗਦ ਇਨਾਮ ਦਿੱਤੇ ਗਏ।
7. 12 ਅਕਤੂਬਰ 2021 ਨੂੰ ਨਸ਼ਿਆਂ ਦੇ ਕੋਹੜ ਨੂੰ ਜੜ੍ਹੋ ਖਤਮ ਕਰਨ ਲਈ ਮਾਨਯੋਗ ਡੀ.ਐਸ.ਪੀ. ਸ. ਅਵਤਾਰ ਚੰਦ ਜੀ ਦੀ ਅਗਵਾਈ ਅਧੀਨ ਕਾਲਜ ਵਿੱਚ ਵਿਦਿਆਰਥੀਆਂ ਨੂੰ "ਦਲਦਲ" ਫ਼ਿਲਮ ਵਿਖਾਈ ਗਈ ਜਿਸ ਵਿੱਚ ਵਿਦਿਆਰਥੀਆਂ ਨੂੰ ਇਹ ਸੰਦੇਸ਼ ਦਿੱਤਾ ਗਿਆ ਹੈ ਕਿ 'ਨਸ਼ੇ ਦਾ ਸੇਵਨ ਕਰਨ ਵਾਲਾ ਕਿਸ ਤਰ੍ਹਾਂ ਦੁਸ਼ਵਾਰੀਆਂ ਵਿੱਚ ਫਸ ਜਾਂਦਾ ਹੈ ਅਤੇ ਆਰਥਿਕ, ਸਮਾਜਿਕ ਅਤੇ ਮਾਨਸਿਕ ਤੌਰ 'ਤੇ ਸੰਤਾਪ ਹੰਢਾਉਂਦਾ ਹੈ"।

ਡਿਜਾਸਟਰ ਮੈਨੇਜਮੈਂਟ ਕਲੱਬ-

ਕਾਲਜ ਵਿੱਚ ਸਥਾਪਿਤ ਡਿਜਾਸਟਰ ਮੈਨੇਜਮੈਂਟ ਕਲੱਬ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਕੁਦਰਤੀ ਆਫ਼ਤਾਂ ਜਾਂ ਡਿਜਾਸਟਰ ਸਬੰਧੀ ਜਿਵੇਂ ਭੂਚਾਲ, ਤੂਫ਼ਾਨ, ਸੁਨਾਮੀ, ਅਚਾਨਕ ਹਫ਼ੜਾ-ਦਫ਼ੜੀ ਸਮੇਂ ਸਾਡੀ ਸਭਨਾਂ ਦੀ ਬਤੌਰ ਚੰਗੇ ਨਾਗਰਿਕ ਕੀ-ਕੀ ਜ਼ਿੰਮੇਵਾਰੀ ਬਣਦੀ ਹੈ ਜਾਂ ਸਾਡਾ ਕੀ ਰੋਲ ਬਣਦਾ ਹੈ, ਸੰਬੰਧੀ ਸਮੇਂ-ਸਮੇਂ 'ਤੇ ਸੈਮੀਨਾਰ ਆਯੋਜਿਤ ਕਰਕੇ ਸਭਨਾਂ ਨੂੰ ਜਾਗਰੂਕ ਅਤੇ ਉਤਸ਼ਾਹਿਤ ਕਰਨਾ ਹੈ।

ਯੂਥ ਰੈੱਡ ਕਰਾਸ ਯੂਨਿਟ-

ਕਾਲਜ ਵਿੱਚ ਰੈੱਡ ਕਰਾਸ ਅਧੀਨ ਲੜਕੇ ਅਤੇ ਲੜਕੀਆਂ ਦਾ ਇੱਕ-ਇੱਕ ਯੂਨਿਟ ਚੱਲ ਰਿਹਾ ਹੈ। ਦੋਨਾਂ ਯੂਨਿਟਾਂ ਵਿੱਚ ਲਗਭਗ 50-50 ਵਲੰਟੀਅਰ ਹਨ। ਯੂਥ ਰੈੱਡ ਕਰਾਸ ਦੇ ਕਨਵੀਨਰ ਵਜੋਂ ਪ੍ਰੋ. (ਡਾ.) ਕੁਸੁਮ ਮਹੇਸ਼ਵਰੀ ਅਤੇ ਸਹਾਇਕ ਪ੍ਰੋਗਰਾਮ ਅਫ਼ਸਰ ਵਜੋਂ ਪ੍ਰੋ. (ਡਾ.) ਗਗਨਦੀਪ ਕੌਰ ਅਤੇ ਪ੍ਰੋ. ਗੁਰਲਾਲ ਸਿੰਘ ਕੰਮ ਕਰ ਰਹੇ ਹਨ। ਯੂਥ ਰੈੱਡ ਕਰਾਸ ਯੂਨਿਟ ਵੱਲੋਂ 12 ਜਨਵਰੀ 2022 ਨੂੰ

ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਨ ਮੌਕੇ ਨੈਸ਼ਨਲ ਯੂਥ ਦਿਵਸ ਮਨਾਉਂਦੇ ਹੋਏ ਆਨ ਲਾਈਨ ਵੈਬੀਨਾਰ ਕਰਵਾਇਆ ਜਿਸ ਵਿੱਚ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਅਤੇ ਸਿੱਖਿਆ ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ।

ਰਾਸ਼ਟਰੀਯ ਉੱਚਤਰ ਸ਼ਿਕਸ਼ਾ ਅਭਿਆਨ (RUSA)-

ਰੂਸਾ ਕੋਆਰਡੀਨੇਟਰ ਪ੍ਰੋ. (ਡਾ.) ਨਿਰਵਰਿੰਦਰ ਕੌਰ ਸੰਧੂ ਦੀ ਦੇਖ-ਰੇਖ ਅਧੀਨ ਰੂਸਾ ਕਮੇਟੀ ਦੇ ਕੁਸ਼ਲ ਅਤੇ ਸੁਚੱਜੇ ਯਤਨਾਂ ਸਦਕਾ ਸੈਸ਼ਨ: 2021-22 ਦੌਰਾਨ ਰੂਸਾ ਕਮੇਟੀ ਨੇ ਰੂਸਾ ਪ੍ਰੋਜੈਕਟ ਦੀ ਇਨਫਰਾਸਟ੍ਰੱਕਚਰ ਗ੍ਰਾਂਟ ਅਧੀਨ ਕਾਲਜ ਦੇ ਫਿਜ਼ੀਕਸ ਵਿਭਾਗ, ਕਮਿਸਟਰੀ ਵਿਭਾਗ ਅਤੇ ਬਾਇਓਲੋਜੀ ਵਿਭਾਗ ਦੀ ਰਿਪੇਅਰ ਅਤੇ ਰੈਨੋਵੇਸ਼ਨ ਦਾ ਕੰਮ ਮੁਕੰਮਲ ਕਰਵਾਇਆ।

ਫਿਨਿਸ਼ਿੰਗ ਸਕੂਲ-

ਰੂਸਾ ਪ੍ਰੋਜੈਕਟ ਅਧੀਨ ਕਾਲਜ ਵਿੱਚ ਫਿਨਿਸ਼ਿੰਗ ਸਕੂਲ ਦੀਆਂ ਕਲਾਸਾਂ ਚੱਲ ਰਹੀਆਂ ਹਨ ਜਿਸਦੇ ਕਨਵੀਨਰ ਪ੍ਰੋ. (ਡਾ) ਨਿਰਵਰਿੰਦਰ ਕੌਰ ਸੰਧੂ ਅਤੇ ਪੰਜ ਟ੍ਰੇਨਰ- ਪ੍ਰੋ. ਵਰਿੰਦਰ ਮੱਕੜ, ਪ੍ਰੋ. ਮਨਿੰਦਰ ਕੌਰ, ਪ੍ਰੋ. ਅਰਮਿੰਦਰ ਸਿੰਘ, ਪ੍ਰੋ. ਨਵਦੀਪ ਸਿੰਘ ਅਤੇ ਪ੍ਰੋ. ਇੰਦਰਦੀਪ ਸਿੰਘ ਹਨ। ਇਸ ਕੋਰਸ ਵਿੱਚ ਬੀ.ਐਸ.ਸੀ. ਭਾਗ ਤੀਜਾ (ਮੈਡੀਕਲ) ਦੇ 40 ਵਿਦਿਆਰਥੀ ਰਜਿਸਟਰਡ ਹਨ ਜਿਹਨਾਂ ਨੂੰ **Soft Skill and Communication Skill** ਆਦਿ ਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ।

ਪੰਜਾਬੀ ਭਾਸ਼ਾ ਮੰਚ

ਕਾਲਜ ਵਿੱਚ ਪੰਜਾਬੀ ਭਾਸ਼ਾ ਮੰਚ ਗਤੀਸ਼ੀਲ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਕਮੇਟੀ ਬਣੀ ਹੋਈ ਹੈ। ਇਸ ਕਮੇਟੀ ਦੇ ਵਿਦਿਆਰਥੀ, ਸਾਹਿਤਕ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਇਹ ਮੰਚ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਨੂੰ ਉਭਾਰਨ ਲਈ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ 'ਤੇ ਕਰਵਾਏ ਗਏ ਸਾਹਿਤਕ ਕੁਇਜ਼ ਮੁਕਾਬਲੇ ਵਿੱਚ ਡਾ. ਨਛੱਤਰ ਸਿੰਘ ਦੀ ਨਿਗਰਾਨੀ ਅਧੀਨ ਵਿਦਿਆਰਥੀ ਜਗਸੀਰ ਸਿੰਘ ਬਰਾੜ (ਬੀ.ਏ.-2) ਨੇ ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

1. ਕਾਲਜ ਦੇ ਪੁਰਾਣੇ ਅਤੇ ਮੌਜੂਦਾ ਪ੍ਰੋਫੈਸਰ ਸਾਹਿਬਾਨ ਵੱਲੋਂ ਪਬਲੀਕੇਸ਼ਨ ਦੀਆਂ ਕੁੱਝ ਕਿਤਾਬਾਂ, ਲਾਇਬਰੇਰੀ ਵਿੱਚ ਜਮ੍ਹਾਂ ਕਰਵਾਈਆਂ ਗਈਆਂ।
2. ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੌੜੀਆਂ 'ਤੇ ਨਵਾਂ ਮੈਟ, ਨਵੇਂ ਬਲਬ-ਟਿਊਬਾਂ, ਟੁੱਟੇ ਸ਼ੀਸ਼ਿਆਂ ਦਾ ਕੰਮ, ਲਾਇਬਰੇਰੀ ਗੇਟ 'ਤੇ ਨਵਾਂ ਫਲੈਕਸ ਬੋਰਡ ਲਗਵਾਇਆ ਗਿਆ।
3. ਸੁਝਾਅ ਬਾਕਸ ਲਗਵਾਇਆ ਗਿਆ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ-

ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਫ਼ਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ) ਦਾ ਇੱਕ ਯੂਨਿਟ ਕਾਰਜਸ਼ੀਲ ਹੈ ਜਿਸਦੇ ਕਨਵੀਨਰ ਡਾ. ਗਗਨਦੀਪ ਕੌਰ (ਕਮਰਸ) ਹਨ।

1. ਡਾ. ਗਗਨਦੀਪ ਕੌਰ ਨੇ 10 ਜੂਨ 2021 ਤੋਂ 25 ਜੂਨ 2021 ਤੱਕ ਫ਼ਰੀਦਕੋਟ ਜ਼ੋਨ ਵੱਲੋਂ ਲਗਾਏ ਗਏ ਸਮਰ ਕੈਂਪ ਵਿੱਚ **"Controling Anger before it Controlles You"** ਵਿਸ਼ੇ 'ਤੇ ਲੈਕਚਰ ਦਿੱਤਾ।

2. 10 ਜੁਲਾਈ 2021 ਨੂੰ **"Passionate Parenting"** ਵਿਸ਼ੇ 'ਤੇ ਫ਼ਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ ਵੱਲੋਂ ਕਰਵਾਏ ਗਏ ਵੈਬੀਨਾਰ ਵਿੱਚ ਡਾ. ਪਰਮਿੰਦਰ ਸਿੰਘ ਅਤੇ ਡਾ. ਗਗਨਦੀਪ ਕੌਰ ਨੇ ਭਾਗ ਲਿਆ।
3. 11-12 ਦਸੰਬਰ 2021 ਨੂੰ ਜੋਨਲ ਦਫ਼ਤਰ ਕੋਟਕਪੂਰਾ ਵਿਖੇ ਆਤਮ ਪ੍ਰਬੋਧ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਜ਼ੋਨ ਦੇ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਦੀ ਮੀਟਿੰਗ ਕੀਤੀ ਗਈ।
4. 23 ਦਸੰਬਰ 2021 ਨੂੰ ਕਾਲਜ ਵਿੱਚ ਸਟੱਡੀ ਸਰਕਲ ਮਹੀਨਵਾਰ 'ਕੰਧ ਪੱਤ੍ਰਿਕਾ' ਦਾ ਆਗਾਜ਼ ਕੀਤਾ ਗਿਆ। ਇਹ ਕੰਧ ਪੱਤ੍ਰਿਕਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਤੀ ਗਈ ਜਿਸ ਵਿੱਚ ਚਿੱਤਰ, ਲੇਖ, ਕਵਿਤਾਵਾਂ, ਸਲੋਗਨ ਆਦਿ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਿਤ ਕੀਤੇ ਗਏ। ਇਸ ਕੰਧ ਪੱਤ੍ਰਿਕਾ ਦਾ ਮਨੋਰਥ-ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਣਾ ਹੈ।

### ਕਾਲਜ ਬਿਊਟੀਫ਼ਿਕੇਸ਼ਨ ਵਿਭਾਗ-

ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮ ਦੇ ਲਗਭਗ 1500 ਬੂਟੇ ਲੱਗੇ ਹਨ ਜੋ ਕਿ ਕਾਲਜ ਕੈਂਪਸ ਨੂੰ ਈਕੋ-ਫਰੈਂਡਲੀ ਬਣਾਉਂਦੇ ਹਨ ਅਤੇ ਸੁੰਦਰ ਦਿੱਖ ਪ੍ਰਦਾਨ ਕਰਦੇ ਹਨ। ਕਾਲਜ ਦੀ ਬਿਊਟੀਫ਼ਿਕੇਸ਼ਨ ਕਮੇਟੀ ਵੱਲੋਂ ਸਮੇਂ-ਸਮੇਂ ਤੇ ਫ਼ਲਦਾਰ ਅਤੇ ਮੌਸਮੀ ਫੁੱਲਾਂ ਦੇ ਬੂਟੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪੁਰਾਣੇ ਦਰੱਖ਼ਤਾਂ ਅਤੇ ਬੂਟਿਆਂ ਦੀ ਸਾਂਭ-ਸੰਭਾਲ ਵੀ ਕੀਤੀ ਜਾਂਦੀ ਹੈ।

### ਐਚ.ਈ.ਆਈ.ਐਸ.-

ਐਚ.ਈ.ਆਈ.ਐਸ. ਕਮੇਟੀ ਵੱਲੋਂ ਬੀ.ਸੀ.ਏ., ਬੀ.ਐਸ.ਸੀ. ਖੇਤੀਬਾੜੀ ਆਨਰਜ਼ (ਭਾਗ ਤੀਜਾ ਅਤੇ ਚੌਥਾ), ਐਮ.ਏ. (ਅੰਗਰੇਜ਼ੀ) ਅਤੇ ਐਮ.ਐਸ.ਸੀ. (ਕਮਿਸਟਰੀ) ਦੀਆਂ ਕਲਾਸਾਂ ਲਈ ਲੋੜੀਂਦਾ ਸਮਾਨ ਅਤੇ ਕਲਾਸਾਂ ਨੂੰ ਸੁਚੱਜੇ ਢੰਗ ਨਾਲ ਪੜ੍ਹਾਉਣ ਲਈ ਅਧਿਆਪਕਾਂ ਦਾ ਪ੍ਰਬੰਧ ਐਚ.ਈ.ਆਈ.ਐਸ. ਫੰਡ ਵਿੱਚੋਂ ਕੀਤਾ ਜਾਂਦਾ ਹੈ।

### ਓਲਡ ਸਟੂਡੈਂਟਸ ਐਸੋਸੀਏਸ਼ਨ-

ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਸ. ਤੇਜਿੰਦਰ ਸਿੰਘ ਮੌੜ (ਏ.ਆਈ.ਜੀ. ਕਰਾਈਮ ਬਠਿੰਡਾ ਜ਼ੋਨ), ਸੀਨੀਅਰ ਵਾਈਸ ਪ੍ਰਧਾਨ ਸ. ਜਤਿੰਦਰਪਾਲ ਸਿੰਘ ਵਹਿਣੀਵਾਲ (ਜ਼ਿਲ੍ਹਾ ਅਤੇ ਸੈਸ਼ਨ ਜੱਜ ਫ਼ਾਜ਼ਿਲਕਾ), ਜਰਨਲ ਸਕੱਤਰ ਪ੍ਰੋਫ਼ੈਸਰ ਐਸ.ਐਸ. ਬਾਜਵਾ ਅਤੇ ਖ਼ਜ਼ਾਨਚੀ ਪ੍ਰੋ. (ਡਾ.) ਪਰਮਿੰਦਰ ਸਿੰਘ ਤੋਂ ਇਲਾਵਾ ਹੋਰ ਸਤਿਕਾਰਤ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਕੁੱਲ ਗਿਣਤੀ ਕਰੀਬ 200 ਹੈ। ਓ.ਐਸ.ਏ. ਸਥਾਪਿਤ ਕਰਨ ਦਾ ਮੁੱਖ ਮਕਸਦ ਕਾਲਜ ਦੀ ਹਰ ਪੱਖ ਤੋਂ ਉੱਨਤੀ ਜਾਂ ਤਰੱਕੀ ਵਿੱਚ ਯੋਗਦਾਨ ਪਾਉਣਾ ਹੈ।

ਕਾਲਜ ਕੈਂਪਸ ਵਿੱਚ ਵਿਰਾਸਤ ਮੇਲਾ 2021 ਜੋ ਪੰਜਾਬੀ ਵਿਭਾਗ ਵੱਲੋਂ ਮਨਾਇਆ ਗਿਆ, ਵਿੱਚ ਜੇਤੂ ਪ੍ਰਤੀਯੋਗੀਆਂ ਨੂੰ ਓ.ਐਸ.ਏ. ਵੱਲੋਂ ਮੋਮੈਂਟੋ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

### ਬੱਡੀ/ਮੈਂਟਰ ਗਰੁੱਪਜ਼-

ਸਿਹਤਮੰਦ ਮਿਸ਼ਨ ਪੰਜਾਬ ਤਹਿਤ ਕਾਲਜ ਵਿੱਚ 3100 ਵਿਦਿਆਰਥੀਆਂ ਦੇ ਲਗਭਗ 62 ਬੱਡੀ ਗਰੁੱਪ (ਪ੍ਰਤੀ ਗਰੁੱਪ 5 ਵਿਦਿਆਰਥੀ) ਅਤੇ 10 ਗਰੁੱਪਾਂ 'ਤੇ ਇੱਕ ਅਧਿਆਪਕ ਇੰਚਾਰਜ਼ ਨਿਯੁਕਤ ਕੀਤਾ ਗਿਆ ਹੈ। ਹਰ ਹਫ਼ਤੇ ਵਿੱਚ ਇੱਕ ਦਿਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ

ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ, ਪਿੰਡਾਂ, ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

ਹੋਸਟਲ (ਲੜਕੇ)-

ਕਾਲਜ ਵਿੱਚ ਦੂਰ-ਦੁਰਾਡੇ ਅਤੇ ਬਾਹਰੀ ਰਾਜਾਂ ਤੋਂ ਕੋਰਸਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਲੰਮੇਂ ਸਮੇਂ ਤੋਂ ਹੋਸਟਲ ਦੀ ਸਹੂਲਤ ਦਿੱਤੀ ਜਾਂਦੀ ਹੈ। ਕਾਲਜ ਹੋਸਟਲ ਵਿੱਚ ਹਰ ਸਾਲ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਂਦੇ ਹਨ। ਇਸ ਸਾਲ ਕੋਵਿਡ ਮਹਾਂਮਾਰੀ ਦੇ ਪ੍ਰਕੋਪ ਤੋਂ ਬਚਾਓ ਕਾਰਨ ਸ੍ਰੀ ਆਖੰਡ ਸਾਹਿਬ ਜੀ ਦੇ ਭੋਗ ਨਹੀਂ ਪਾਏ ਗਏ।

ਰਾਸ਼ਟਰੀ ਸੰਗੀਤ ਸਮਾਰੋਹ (18-03-2022 ਤੋਂ 20-03-2022)

ਸੰਗੀਤ ਵਿਭਾਗ ਅਤੇ ਸੁਰ ਆਂਗਨ ਸੰਸਥਾ ਵੱਲੋਂ ਉੱਘੇ ਵਿਦਵਾਨ, ਕਲਾਕਾਰ ਅਤੇ ਸਾਬਕਾ ਮੁਖੀ ਸੰਗੀਤ ਵਿਭਾਗ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਦੀ ਯਾਦ ਨੂੰ ਸਮਰਪਿਤ ਤਿੰਨ ਰੋਜ਼ਾ ਪ੍ਰੋ: ਕ੍ਰਿਸ਼ਨ ਕਾਂਤ ਰਾਸ਼ਟਰੀ ਸੰਗੀਤ ਸਮਾਰੋਹ ਆਯੋਜਿਤ ਕਰਵਾਇਆ ਗਿਆ, ਜਿਸ ਵਿੱਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਖ਼ਯਾਤੀ ਪ੍ਰਾਪਤ ਸੰਗੀਤ ਵਿਦਵਾਨਾਂ, ਗਾਇਕ ਅਤੇ ਵਾਦਕ ਕਲਾਕਾਰਾਂ ਨੇ ਆਪਣੇ ਫਣ ਦਾ ਮੁਜਾਹਿਰਾ ਕੀਤਾ। ਜਿਨ੍ਹਾਂ ਵਿੱਚੋਂ ਪ੍ਰਮੁੱਖ ਅਤੇ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਹਰਵਿੰਦਰ ਸ਼ਰਮਾ, ਸੁਪ੍ਰਸਿੱਧ ਤਬਲਾ ਵਾਦਕ ਪੰਡਿਤ ਰਮਾਕਾਂਤ, ਮਸ਼ਹੂਰ ਬੰਸਰੀ ਵਾਦਕ ਸ੍ਰੀ ਰੋਮਿੰਦਰ ਜੈਨ, ਯੁਵਾ ਤਬਲਾ ਨਵਾਜ਼ ਸ੍ਰੀ ਜੈਦੇਵ ਜੈ, ਸ਼ਾਸਤਰੀ ਗਾਇਕ ਹਰਜੀਤ ਸਿੰਘ, ਉਭਰਦੇ ਵਾਇਲਨ ਵਾਦਕ ਮਾਸਟਰ ਚੇਤੰਨਯਾ ਪ੍ਰਮੁੱਖ ਹਨ।

# ਵਿਸ਼ੇਸ਼ ਧੰਨਵਾਦ

1. ਸ. ਵੀਰਪਾਲ ਸਿੰਘ ਜੰਮੂ (ਮੈਂਬਰ ਓਲਡ ਸਟੂਡੈਂਟਸ ਐਸੋਸੀਏਸ਼ਨ), ਜੋ ਕਿ ਸਾਡੇ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਬਹੁਤ ਵਧੀਆ ਤੈਰਾਕ ਵੀ ਹਨ, ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ 16 ਪੱਖੇ ਦਾਨ ਕੀਤੇ ਗਏ।
2. ਸ੍ਰੀ ਅਨਿਲ ਕੁਮਾਰ ਜੈਨ (ਮੈਸ. ਸੰਨੀ ਗਾਰਮੈਂਟਸ ਫ਼ਰੀਦਕੋਟ) ਵੱਲੋਂ ਵਿਦਿਆਰਥੀਆਂ ਦੀ ਸਹੂਲਤ ਵਿੱਚ ਕਾਲਜ ਨੂੰ ਵਾਟਰ ਕੂਲਰ ਦਾਨ ਕੀਤਾ ਗਿਆ।
3. ਕਾਲਜ ਦੇ ਪ੍ਰੋ. ਜੁਆਏਇੰਦਰਜੀਤ ਕੌਰ (ਸਾਬਕਾ ਮੁਖੀ ਕਮਿਸਟਰੀ ਵਿਭਾਗ) ਵੱਲੋਂ ਆਪਣੀ ਸੇਵਾ-ਮੁਕਤੀ ਮੌਕੇ ਨੇਕ ਕਮਾਈ ਵਿੱਚੋਂ ਕਾਲਜ ਦੇ ਪ੍ਰਬੰਧਕੀ ਬਲਾਕ ਵਿੱਚ 02 ਏ.ਸੀ. ਦਾਨ ਕੀਤੇ ਗਏ।
4. ਸਾਬਕਾ ਪ੍ਰਿੰਸੀਪਲ ਸ. ਭਗਤ ਸਿੰਘ ਦੇ ਪਰਿਵਾਰ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ 5 ਲੱਖ ਰੁਪਏ ਐਫ਼.ਡੀ. (2012) ਦਾਨ ਕੀਤੀ ਗਈ। ਇਸ ਐਫ਼.ਡੀ. ਤੋਂ ਜੋ ਵਿਆਜ਼ ਮਿਲਦਾ ਹੈ, ਉਸ ਵਿਆਜ਼ ਦੀ ਰਾਸ਼ੀ ਵਿੱਚੋਂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਂਦੇ ਹਨ।
5. ਸ. ਮਹਿੰਦਰਜੀਤ ਸਿੰਘ ਰੁਮਾਣਾ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ ਇੱਕ ਲੱਖ ਰੁਪਏ ਦੀ ਦੀ ਐਫ਼.ਡੀ. (2017) ਦਾਨ ਕੀਤੀ ਗਈ। ਇਸ ਐਫ਼.ਡੀ. ਤੋਂ ਜੋ ਵਿਆਜ਼ ਮਿਲਦਾ ਹੈ, ਉਸ ਵਿਆਜ਼ ਦੀ ਰਾਸ਼ੀ ਵਿੱਚੋਂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਜਾਂਦੇ ਹਨ।
6. ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਅਨਿਲ ਕੁਮਾਰ ਵਰਮਾ ਅਤੇ ਪ੍ਰੋ. ਸੁਧਾ ਰਾਜ (ਸੇਵਾ-ਮੁਕਤ ਐਸੋਸੀਏਟ ਪ੍ਰੋਫੈਸਰ) ਜੀ ਨੇ ਕਾਲਜ ਦੇ ਗੁਰੂ ਨਾਨਕ ਪਾਰਕ ਲਈ 100 ਗੁਲਾਬ ਦੇ ਬੂਟੇ ਦਾਨ ਕੀਤੇ ਤਾਂ ਜੋ ਕਾਲਜ ਕੈਂਪਸ ਵਧੇਰੇ ਸੁੰਦਰ ਅਤੇ ਆਕਰਸ਼ਿਕ ਬਣ ਸਕੇ।

ਮੁੱਖ ਮਹਿਮਾਨ ਜੀਓ !

ਸਾਡੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਦੀ ਸੂਚੀ ਬਹੁਤ ਲੰਮੀ ਅਤੇ ਗੌਰਵਸ਼ਾਲੀ ਹੈ। ਕੁੱਝ ਹੀ ਦੇਰ ਬਾਅਦ ਵੱਖ-ਵੱਖ ਖੇਤਰਾਂ ਵਿੱਚ ਬਹੁਮੁੱਲੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਤੁਹਾਡੇ ਸਨਮੁੱਖ ਪੇਸ਼ ਹੋਣਗੇ। ਅੰਤ ਵਿੱਚ ਮੈਂ ਉਨ੍ਹਾਂ ਸਾਰੇ ਸਤਿਕਾਰਿਤ ਮਹਿਮਾਨਾਂ, ਇਨਾਮ ਜੇਤੂ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸ਼ੁੱਭ-ਚਿੰਤਕਾਂ ਪ੍ਰਤੀ ਵੀ ਆਦਰ ਭਾਵ ਪ੍ਰਗਟ ਕਰਦਾ ਹਾਂ ਜੋ ਸਾਡੇ ਸੱਦੇ 'ਤੇ ਇੱਥੇ ਪਹੁੰਚੇ ਹਨ। ਆਪਣੇ ਕਾਲਜ ਦੇ ਵਚਨਬੱਧ ਅਧਿਆਪਕਾਂ, ਸਮੂਹ ਦਰਜਾ ਤਿੰਨ ਕਰਮਚਾਰੀਆਂ ਅਤੇ ਦਰਜਾ ਚਾਰ ਨਾਲ ਸੰਬੰਧਤ ਸੇਵਾਦਾਰਾਂ ਦਾ ਵੀ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਅੱਜ ਦੇ ਸਮਾਗਮ ਨੂੰ ਖੂਬਸੂਰਤ ਬਣਾਉਣ ਵਿੱਚ ਸ਼ਾਮਲ ਅਧਿਕਾਰੀਆਂ ਅਤੇ ਬੱਚਿਆਂ ਨੇ ਜੋ ਭੂਮਿਕਾ ਨਿਭਾਈ ਅਤੇ ਨਿਭਾਉਣੀ ਹੈ, ਉਸ ਲਈ ਮੈਂ ਉਹਨਾਂ ਦਾ ਵੀ ਸ਼ੁਕਰਗੁਜ਼ਾਰ ਹਾਂ।

ਸਭ ਦਾ ਬਹੁਤ-ਬਹੁਤ ਧੰਨਵਾਦ ।

**ਡਾ. ਪਰਮਿੰਦਰ ਸਿੰਘ**
ਪ੍ਰਿੰਸੀਪਲ

ਸਥਾਪਨਾ-1942

ਨੈਕ ਐਕਰੈਡਿਟਡ 'ਏ ਗਰੇਡ'

# ਸਰਕਾਰੀ ਬ੍ਰਿਜਿੰਦਰਾ ਕਾਲਜ

## ਫਰੀਦਕੋਟ



## ਸਲਾਨਾ ਰਿਪੋਰਟ 2022-23



**ਡਾ. ਰੂਹੀ ਦੂੱਗ**
ਆਈ.ਏ.ਐਸ
ਡਿਪਟੀ ਕਮਿਸ਼ਨਰ
ਫਰੀਦਕੋਟ
ਮੁੱਖ ਮਹਿਮਾਨ



**ਡਾ. ਪਰਮਿੰਦਰ ਸਿੰਘ**
ਸਾਬਕਾ ਪ੍ਰਿੰਸੀਪਲ
ਸਰਕਾਰੀ ਬ੍ਰਿਜਿੰਦਰਾ ਕਾਲਜ
ਫਰੀਦਕੋਟ
ਵਿਸ਼ੇਸ਼ ਮਹਿਮਾਨ



**ਪ੍ਰੋ. ਦੀਪਕ ਚੋਪੜਾ**
ਪੀ.ਈ.ਐਸ.-1
ਪ੍ਰਿੰਸੀਪਲ
ਸਰਕਾਰੀ ਬ੍ਰਿਜਿੰਦਰਾ ਕਾਲਜ
ਫਰੀਦਕੋਟ

## ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣ ਦੁਹੇਲਾ ॥
ਹਥੁ ਨ ਲਾਇ ਕੁਸੰਭੜੇ ਜਲਿ ਜਾਸੀ ਢੋਲਾ ॥ ਰਹਾਉ ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ ॥
ਕਹੈ ਫ਼ਰੀਦ ਸਹੇਲੀਓ ਸਹੁ ਅਲਾਏਸੀ ॥
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਸ਼ੇਖ ਫ਼ਰੀਦ-ਸੂਹੀ ਲਲਿਤ)

# ਸਲਾਨਾ ਰਿਪੋਰਟ : 2022-23

ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਆਕਰਸ਼ਕ ਵਿਹੜੇ ਵਿੱਚ ਸਾਡੇ ਸਨਿਮਰ ਸੱਦੇ 'ਤੇ ਮੇਰੇ ਬਹੁਤ ਹੀ **ਸਤਿਕਾਰਤ ਮੁੱਖ ਮਹਿਮਾਨ ਡਾ. ਰੂਹੀ ਦੁੱਗ (ਆਈ.ਏ.ਐਸ.) ਡਿਪਟੀ ਕਮਿਸ਼ਨਰ ਫ਼ਰੀਦਕੋਟ ਜੀ, ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਜੀ,** ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਸਾਬਕਾ ਪ੍ਰਿੰਸੀਪਲਜ਼, ਸਾਬਕਾ ਅਤੇ ਮੌਜੂਦਾ ਪ੍ਰੋਫੈਸਰ ਸਾਹਿਬਾਨ, ਸਮਾਜਕ, ਸੱਭਿਆਚਾਰਕ ਅਤੇ ਅਕਾਦਮਿਕ ਖੇਤਰ ਵਿੱਚ ਫ਼ਰੀਦਕੋਟ ਦੀ ਪ੍ਰਤੀਨਿਧਤਾ ਕਰਨ ਵਾਲੇ ਇਲਾਕਾ ਨਿਵਾਸੀਓ ! ਪ੍ਰੈਸ ਨਾਲ ਸੰਬੰਧਿਤ ਵੀਰੋ, ਭੈਣੋ ਅਤੇ ਭਰਾਵੋਂ। ਸਭ ਤੋਂ ਪਹਿਲਾਂ ਮਾਲਵਾ ਖੇਤਰ ਦੀ ਇਸ ਇਤਿਹਾਸ-ਸਿਰਜਕ ਸਿਰਮੌਰ ਸੰਸਥਾ ਵਿਖੇ ਸਾਡੇ ਨਿੱਘੇ ਬੁਲਾਵੇ ਤੇ ਤਸ਼ਰੀਫ਼ ਲਿਆਉਣ ਲਈ ਮੈਂ ਆਪ ਜੀ ਦਾ ਹਾਰਦਿਕ ਧੰਨਵਾਦ ਕਰਦਾ ਹਾਂ।

ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਨੂੰ ਪੰਜਾਬ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ। ਇਸਨੂੰ ਫ਼ਰੀਦਕੋਟ ਰਿਆਸਤ ਦੇ ਹੁਕਮਰਾਨ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਨੇ 23 ਮਾਰਚ 1942 ਈਸਵੀ ਨੂੰ ਆਪਣੇ ਪਿਤਾ ਮਹਾਰਾਜਾ ਬ੍ਰਿਜਿੰਦਰ ਸਿੰਘ ਜੀ ਦੀ ਯਾਦ ਵਿੱਚ ਸਥਾਪਿਤ ਕੀਤਾ ਸੀ। ਬ੍ਰਿਜਿੰਦਰਾ ਕਾਲਜ, ਪੰਜਾਬ ਦੇ ਉਨ੍ਹਾਂ ਚੋਣਵੇਂ ਸਰਕਾਰੀ ਕਾਲਜਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਨੈਕ ਦੁਆਰਾ 'ਏ' ਗਰੇਡ ਨਾਲ ਪ੍ਰਮਾਣਿਤ ਕੀਤਾ ਗਿਆ ਹੈ। ਇਸ ਕਾਲਜ ਦੇ ਆਪਣੇ ਗੌਰਵਮਈ ਇਤਿਹਾਸ, ਮਾਣਮੱਤੇ ਅਧਿਆਪਕਾਂ, ਮਿਹਨਤੀਗੈਰ ਅਧਿਆਪਨ ਸਟਾਫ਼ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਮੂਹਿਕ ਯੋਗਦਾਨ ਸਦਕਾ ਸਾਰੇ ਦੇਸ਼ ਉੱਚ ਸਿੱਖਿਆ ਪ੍ਰਦਾਨ ਕਰ ਰਹੀਆਂ ਸੰਸਥਾਵਾਂ ਵਿੱਚ ਇੱਕ ਉੱਚਾ ਦਰਜਾ ਪ੍ਰਾਪਤ ਕਰ ਲਿਆ ਹੈ। ਸ਼ਾਨਦਾਰ ਦਿੱਖ, ਵਿਸ਼ਾਲ ਚੌਗਿਰਦੇ, ਖੁੱਲੇ ਖੇਡਾਂ ਦੇ ਮੈਦਾਨ ਅਤੇ ਫੁੱਲ ਬੂਟਿਆਂ ਨਾਲ ਸ਼ੋਭ ਦੇ ਰਹੇ ਮਨਮੋਹਕ ਪਾਰਕਾਂ ਵਾਲਾ ਇਸ ਕਾਲਜ ਦਾ ਵਿਹੜਾ ਇੱਕ ਦਿਲਕਸ਼ ਅਤੇ ਅਕਾਦਮਿਕ ਵਾਤਾਵਰਨ ਸਿਰਜਦਾ ਹੈ। ਆਪਣੀ ਸਥਾਪਤੀ ਦੇ 80 ਸਾਲਾਂ ਤੋਂ ਵੱਧ ਅਰਸੇ ਤੋਂ ਇਹ ਕਾਲਜ ਫ਼ਰੀਦਕੋਟ ਸ਼ਹਿਰ, ਇਸਦੇ ਆਲੇ-ਦੁਆਲੇ ਦੇ ਪੇਂਡੂ ਖੇਤਰ ਅਤੇ ਦੂਰ-ਦੁਰਾਡੇ ਦੇ ਵਿਦਿਆਰਥੀਆਂ ਲਈ ਗਿਆਨ ਸੰਚਾਰ ਦਾ ਕੇਂਦਰ ਹੈ। ਇਸ ਕਾਲਜ ਵਿੱਚੋਂ ਵਿੱਦਿਆ ਗ੍ਰਹਿਣ ਕਰ ਚੁੱਕੇ ਵਿਦਿਆਰਥੀ, ਜੀਵਨ ਦੇ ਵਿਭਿੰਨ ਖੇਤਰਾਂ ਵਿੱਚ ਉਚ-ਪਦਵੀਆਂ 'ਤੇ ਸੁਸ਼ੋਭਿਤ ਰਹੇ ਹਨ ਅਤੇ ਹੁਣ ਵੀ ਸੇਵਾ ਨਿਭਾ ਰਹੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. **ਰਾਜਨੀਤਿਕ ਖੇਤਰ-** ਸ. ਗੁਰਦਿੱਤ ਸਿੰਘ ਸੇਖੋਂ (ਵਿਧਾਇਕ ਫ਼ਰੀਦਕੋਟ), ਸ. ਕੁਲਤਾਰ ਸਿੰਘ ਸੰਧਵਾਂ (ਸਪੀਕਰ ਵਿਧਾਨ ਸਭਾ, ਪੰਜਾਬ), ਸ. ਮਨਤਾਰ ਸਿੰਘ ਬਰਾੜ (ਸਾਬਕਾ ਵਿਧਾਇਕ, ਕੋਟਕਪੂਰਾ), ਪ੍ਰੋ. ਸਾਧੂ ਸਿੰਘ (ਸਾਬਕਾ ਐਮ.ਪੀ. ਫ਼ਰਦਕੋਟ), ਡਾ. ਬਲਜੀਤ ਕੌਰ (ਕੈਬਨਿਟ ਮੰਤਰੀ), ਸ. ਬਿਕਰਮਜੀਤ ਸਿੰਘ ਸਾਹਨੀ (ਰਾਜ ਸਭਾ ਐਮ.ਪੀ.), ਜੱਥੇਦਾਰ ਮਨਮੋਹਨ ਸਿੰਘ ਬਰਾੜ (ਸਾਬਕਾ ਵਿਧਾਇਕ ਅਤੇ ਚੇਅਰਮੈਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ।
2. **ਆਈ.ਏ.ਐਸ./ਪੀ.ਸੀ.ਐਸ.-** ਡਾ. ਮਨਦੀਪ ਕੁਮਾਰ ਭੰਡਾਰੀ (ਪ੍ਰਮੁੱਖ ਸਕੱਤਰ, ਲੈਫ਼ਟੀਨੈਂਟ ਗਵਰਨਰ ਅਤੇ ਸੀ.ਈ.ਓ. ਸ੍ਰੀ ਅਮਰਨਾਥ ਜੀ ਸ਼ਰਾਇਨ ਬੋਰਡ), ਡਾ. ਗਗਨਦੀਪ ਸਿੰਘ (ਪ੍ਰਮੁੱਖ ਸਕੱਤਰ, ਤਾਮਿਲਨਾਡੂ ਸਰਕਾਰ), ਸ. ਤਜਿੰਦਰ ਸਿੰਘ ਮੌੜ (ਸਾਬਕਾ ਡੀ.ਆਈ.ਜੀ. ਜ਼ੇਲ੍ਹ ਪੰਜਾਬ), ਡਾ. ਚਾਰੂਮਿਤਾ (ਐਸ.ਡੀ.ਐਮ.), ਸ. ਚਰਨਜੀਤ ਸਿੰਘ (ਪੀ.ਸੀ.ਐਸ.), ਮਿਸ. ਜਸਲੀਨ ਕੌਰ ਸੰਧੂ (ਸਾਬਕਾ ਪੀ.ਪੀ.ਐਸ.ਸੀ. ਸੈਕਟਰੀ), ਸ੍ਰੀ ਵਰੁਣ ਨਾਗਪਾਲ (ਸਟੇਟ ਟੈਕਸੇਸ਼ਨ ਅਫ਼ਸਰ) ।
3. **ਜੱਜ-** ਸ. ਕੁਲਦੀਪ ਸਿੰਘ, ਸ੍ਰੀਮਤੀ ਮਨੂੰ ਗੋਇਲ, ਸ. ਜਤਿੰਦਰਪਾਲ ਸਿੰਘ ਵਹਿਣੀਵਾਲ ।
4. **ਖੇਡਾਂ-** ਸ. ਇੰਦਰ ਸਿੰਘ (ਓਲੰਪੀਅਨ), ਸ. ਬਲਬੀਰ ਸਿੰਘ (ਓਲੰਪੀਅਨ), ਸ. ਚੰਦ ਸਿੰਘ (ਓਲੰਪੀਅਨ), ਸ. ਰਜਿੰਦਰ ਸਿੰਘ (ਓਲੰਪੀਅਨ), ਸ. ਸਰੂਪ (ਓਲੰਪੀਅਨ), ਮਿਸਜ਼ ਰੂਪਾ ਸੈਣੀ, ਅਰਜੁਨਾ ਐਵਾਰਡੀ (ਕਪਤਾਨ ਇੰਡੀਅਨ ਵੋਮੈਨ ਹਾਕੀ ਟੀਮ), ਪ੍ਰਿੰਸੀਪਲ ਪ੍ਰੇਮਾ ਸ਼ਣੀ (ਵਰਲਡ ਕੱਪ), ਪ੍ਰਿੰਸੀਪਲ ਕੁਲਵੰਤ ਕੌਰ ਸੰਧੂ, ਮਹਾਰਾਜਾ ਰਣਜੀਤ ਸਿੰਘ ਐਵਾਰਡੀ (ਵਰਲਡ ਕੱਪ), ਸ. ਹਰਬੰਸ ਸਿੰਘ (ਅੰਤਰ ਰਾਸ਼ਟਰੀ ਹਾਕੀ ਅੰਪਾਇਰ), ਸ. ਰੁਪਿੰਦਰ ਸਿੰਘ (ਓਲੰਪੀਅਨ), ਸ. ਗੁਰਭਗਤ ਸਿੰਘ (ਐਕਸ ਡੀ.ਐਸ.ਓ. ਸਵੀਮਿੰਗ), ਸ. ਹਰਗੋਬਿੰਦ ਸਿੰਘ (ਕੁਸ਼ਤੀ ਕੋਚ ਇੰਡੀਅਨ ਟੀਮ) ।
5. **ਸਾਹਿਤਿਕ ਖੇਤਰ-** ਪ੍ਰੋ. ਗੁਰਦਿਆਲ ਸਿੰਘ (ਗਿਆਨ ਪੀਠ ਐਵਾਰਡ, ਸਾਹਿਤ), ਸ੍ਰੀ ਵਿਜੈ ਵਿਵੇਕ (ਸ਼ਾਇਰ), ਸ੍ਰੀ ਪ੍ਰਸ਼ੋਤਮ ਬੇਤਾਬ (ਸ਼ਾਇਰ), ਸ੍ਰੀ ਸੁਰੇਸ਼ ਕਾਫ਼ਿਰ (ਸ਼ਾਇਰ), ਸ. ਨਿਰੰਜਨ ਸਿੰਘ ਤਸਮੀਮ (ਪੰਜਾਬੀ ਅਤੇ ਅੰਗਰੇਜ਼ੀ ਨਾਵਲ) ।

6. **ਵਿੱਦਿਅਕ ਖੇਤਰ-** ਡਾ. ਅਨਿਲ ਕੁਮਾਰ ਵਰਮਾ, ਮਿਸਿਜ਼ ਐਮ.ਕੇ. ਸੰਧੂ, ਸ. ਦਲਬੀਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਪਰਮਿੰਦਰ ਸਿੰਘ, ਸ. ਜਗਦੀਪ ਸਿੰਘ, ਸ੍ਰੀ ਐਨ.ਕੇ. ਗੁਪਤਾ, ਸ੍ਰੀ ਸੁਖਜਿੰਦਰ ਸਿੰਘ ਬਰਾੜ, ਡਾ. ਅਜੈਬ ਸਿੰਘ ਬਰਾੜ (ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਸ. ਮਨਮੋਹਨ ਸਿੰਘ (ਸਾਬਕਾ ਵੀ.ਸੀ. ਪੰਜਾਬੀ ਯੂਨੀਵਰਸਿਟੀ ਪਟਿਆਲਾ) ।

7. ਗਾਇਕ- ਬਲਕਾਰ ਸਿੱਧੂ, ਹਰਿੰਦਰ ਸੰਧੂ, ਕੁਲਵਿੰਦਰ ਕਮਲ, ਬਲਧੀਰ ਮੱਲ੍ਹਾ, ਰਾਜ ਤਿਵਾੜੀ, ਡਾ. ਰਾਜੇਸ਼ ਮੋਹਨ ।

ਇਹ ਸੂਚੀ ਅੰਤਹੀਣ ਹੈ ਕਿਉਂਕਿ ਬ੍ਰਿਜਿੰਦਰਾ ਕਾਲਜ ਦੇ ਵਿਹੜੇ ਵਿੱਚੋਂ ਪਿਛਲੇ 80 ਵਰ੍ਹਿਆ ਵਿੱਚੋਂ ਅਨੇਕਾਂ ਮਹਾਨ ਹਸਤੀਆਂ ਹੋਈਆਂ ਹਨ ਜਿਨ੍ਹਾਂ ਸਮਾਜ ਵਿੱਚ ਬ੍ਰਿਜਿੰਦਰਾ ਕਾਲਜ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਵਾ ਦਿੱਤਾ ਹੈ।

ਇਸ ਸੰਸਥਾ ਵਿਖੇ ਅੱਜ ਦੇ ਸ਼ੁੱਭ ਦਿਨ ਸਾਡੇ ਵਿੱਚ **ਸਤਿਕਾਰਤ ਡਾ. ਰੂਹੀ ਦੁੱਗ** (ਆਈ.ਏ.ਐਸ.) ਡਿਪਟੀ **ਕਮਿਸ਼ਨਰ, ਫ਼ਰੀਦਕੋਟ** ਜੀ ਪਹੁੰਚੇ ਹਨ, ਜੋ ਕਿ ਬਹੁਤ ਹੀ ਵਧੀਆ, ਨੇਕ ਦਿਲ, ਇਨਸਾਫ਼ ਪਸੰਦ ਇਨਸਾਨ ਅਤੇ ਕੁਸ਼ਲ ਪ੍ਰਸ਼ਾਸਕ ਹਨ। ਸੁਭਾਅ ਦੀ ਮਿਠਾਸ ਅਤੇ ਲੋਕਾਂ ਨਾਲ ਸੁਹਿਰਦ ਵਿਵਹਾਰ ਇਨ੍ਹਾਂ ਦੀ ਜੀਵਨ-ਸ਼ੈਲੀ ਦੇ ਪ੍ਰਮੁੱਖ ਗੁਣ ਹਨ ਜੋ ਹਰੇਕ ਵਿਅਕਤੀ ਵਿੱਚ ਵਿਦਮਾਨ ਨਹੀਂ ਹੁੰਦੇ। ਇਸ ਸ਼ਖ਼ਸੀਅਤ ਦੇ ਬ੍ਰਿਜਿੰਦਰਾ ਕਾਲਜ ਵਿਖੇ ਪਧਾਰਨ ਨਾਲ ਕਾਲਜ ਦੇ ਮਾਣ-ਸਨਮਾਨ ਵਿੱਚ ਵਾਧਾ ਹੋਇਆ ਹੈ।

ਮੁੱਖ ਮਹਿਮਾਨ ਜੀ ਦੇ ਨਾਲ-ਨਾਲ ਸਾਡੇ ਬੁਲਾਵੇ 'ਤੇ ਪਹੁੰਚੇ ਸਾਡੇ ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ ਜੀ ਬਹੁ-ਪੱਖੀ ਸਖਸ਼ੀਅਤ ਦੇ ਮਾਲਕ ਹਨ। ਬ੍ਰਿਜਿੰਦਰਾ ਕਾਲਜ ਦੇ ਪੁਰਾਣੇ ਵਿਦਿਆਰਥੀ, ਖਿਡਾਰੀ, ਪ੍ਰੋਫੈਸਰ ਅਤੇ ਇਸੇ ਕਾਲਜ ਵਿੱਚੋਂ ਬਤੌਰ ਪ੍ਰਿੰਸੀਪਲ ਸੇਵਾ-ਮੁਕਤ ਹੋਏ ਹਨ। ਇਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮਾਜ ਸੇਵਾ ਅਤੇ ਐਨ.ਐਸ.ਐਸ. ਦੇ ਖੇਤਰ ਵਿੱਚ ਬਹੁਮੱਲੀਆ ਸੇਵਾਵਾਂ ਬਦਲੇ 6 ਵਾਰ ਬੈਸਟ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਵਜੋਂ ਸਨਮਾਨਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਦੀ ਬਦੌਲਤ ਹੀ ਐਨ.ਐਸ.ਐਸ. ਦੇ ਖੇਤਰ ਵਿੱਚ 3 ਵਾਰ ਬੈਸਟ ਕਾਲਜ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

ਮਾਨਯੋਗ ਮੁੱਖ ਮਹਿਮਾਨ ਜੀਓ, ਮਾਲਵੇ ਦੇ ਇਸ ਖੇਤਰ ਵਿੱਚ ਕਾਲਜ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਹਨ ਜਿਸ ਕਾਰਣ ਦੇਸ਼ ਦੇ ਵਿੱਦਿਅਕ ਅਦਾਰਿਆਂ ਵਿੱਚ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਦੀ ਨਿਵੇਕਲੀ ਥਾਂ ਬਣ ਚੁੱਕੀ ਹੈ। National Assessment and Accreditation Council, Bangalore ਵੱਲੋਂ ਬ੍ਰਿਜਿੰਦਰਾ ਕਾਲਜ ਨੂੰ ਲਗਾਤਾਰ ਦੂਸਰੀ ਵਾਰ 'ਏ' ਗਰੇਡ ਨਾਲ ਨਿਵਾਜਿਆ ਗਿਆ ਹੈ ਜੋ ਕਿ ਮਾਲਵੇ ਇਲਾਕੇ ਲਈ ਬਹੁਤ ਹੀ ਮਾਣ ਦੀ ਗੱਲ ਹੈ।

ਮੁੱਖ ਮਹਿਮਾਨ ਜੀਓ ! ਸੈਸ਼ਨ: 2022-23 ਵਿੱਚ ਅਸੀਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਕਾਲਜ ਨੂੰ ਬੁਲੰਦੀਆਂ 'ਤੇ ਲਿਜਾਣ ਵਿੱਚ ਸੁਯੋਗ ਸਟਾਫ਼ ਮੇਰੀ ਸੋਚ ਤੇ ਖਰਾ ਉਤਰਿਆ ਹੈ, ਮੈਨੂੰ ਅਜਿਹੀ ਉੱਚਤਮ ਸੰਸਥਾ ਦਾ ਬਤੌਰ ਪ੍ਰਿੰਸੀਪਲ ਸੇਵਾ ਕਰਕੇ ਅਤਿਅੰਤ ਖ਼ੁਸ਼ੀ ਹੋ ਰਹੀ ਹੈ ਅਤੇ ਮੇਰੀ ਸੁਹਿਰਦ ਕੋਸ਼ਿਸ਼ ਹੈ ਕਿ ਮੈਂ ਕਾਲਜ ਦਾ ਮਾਣ ਵਧਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਰਹਾਂ। ਹੁਣ ਮੈਂ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਵਿਭਿੰਨ ਸ਼ਲਾਘਾਯੋਗ ਪ੍ਰਾਪਤੀਆਂ ਦੀ ਸੰਖਿਪਤ ਰਿਪੋਰਟ ਆਪ ਜੀ ਦੇ ਸਾਹਮਣੇ ਪ੍ਰਸਤੁਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਪ੍ਰਿੰਸੀਪਲ ਸ੍ਰੀ ਦੀਪਕ ਚੋਪੜਾ ਜੀ ਨੇ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਆਫ਼ ਰੂਰਲ ਐਜੂਕੇਸ਼ਨ ਵੱਲੋਂ ਹੈਦਰਾਬਾਦ ਵਿਖੇ ਹੋਈ Joint Meeting - 43 Governing Body & 33rd Meeting of the council ਵਿੱਚ ਡੀ.ਪੀ.ਆਈ. (ਕਾਲਜਾਂ) ਪੰਜਾਬ, ਮੋਹਾਲੀ ਅਤੇ ਪੰਜਾਬ ਸਰਕਾਰ ਦੇ ਨੁਮਾਇੰਦੇ ਵਜੋਂ ਸ਼ਿਰਕਤ ਕੀਤੀ।

1. ਅਕਾਦਮਿਕ ਖੇਤਰ :

(ੳ) ਯੂਨੀਵਰਸਿਟੀ ਪੱਧਰ ਤੇ ਪੁਜੀਸ਼ਨਾਂ-

- ਅਪਨਜੋਤ ਕੌਰ ਸਿੱਧੂ, ਬੀ.ਐਸ.ਸੀ. (ਖੇਤੀਬਾੜੀ) ਦੀ ਵਿਦਿਆਰਥਣ ਨੇ ਮਈ 2019 ਦੀਆਂ ਪ੍ਰੀਖਿਆਵਾਂ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਰੋਲ ਆਫ਼ ਆਨਰ ਪ੍ਰਾਪਤ ਕੀਤਾ।

(ਅ) ਕਾਲਜ ਪੱਧਰ ਤੇ ਪੁਜੀਸ਼ਨਾਂ-

- ਐਮ.ਏ.-1 (ਪੰਜਾਬੀ) ਸਮੈਸਟਰ-1 ਦੀ ਵਿਦਿਆਰਥੀ ਧਰਮਪਾਲ ਨੇ (SGPA) 9.2 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਵਿਦਿਆਰਥਣ ਮਨਪ੍ਰੀਤ ਕੌਰ ਨੇ (SGPA) 8.6 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।

- ਐਮ.ਏ.-1 (ਪੰਜਾਬੀ) ਸਮੈਸਟਰ-2 ਦੀ ਵਿਦਿਆਰਥੀ ਧਰਮਪਾਲ ਨੇ (SGPA) 8.2 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਵਿਦਿਆਰਥਣ ਸਤਵੀਰ ਕੌਰ ਨੇ (SGPA) 7.6 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਪੰਜਾਬੀ) ਸਮੈਸਟਰ-3 ਦੀ ਵਿਦਿਆਰਥਣ ਜਸਮੀਨ ਚਾਵਲਾ, ਰਮਨਦੀਪ ਕੌਰ, ਜਸਵਿੰਦਰ ਕੌਰ, ਨਵਜੋਤ ਕੌਰ, ਵੀਰਪਾਲ ਕੌਰ, ਮਨਪ੍ਰੀਤ ਕੌਰ, ਸੁਖਦੀਪ ਕੌਰ ਨੇ (SGPA) 8.8 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਵਿਦਿਆਰਥਣ ਜਸਵੀਰ ਕੌਰ, ਨਵਜੋਤ ਕੌਰ, ਸੁਖਪ੍ਰੀਤ ਕੌਰ ਨੇ (SGPA) 8.6 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਪੰਜਾਬੀ) ਸਮੈਸਟਰ-4 ਦੀ ਵਿਦਿਆਰਥਣ ਜਸਮੀਨ ਚਾਵਲਾ, ਜਸਵਿੰਦਰ ਕੌਰ ਨੇ (SGPA) 8.45 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਅਤੇ ਵਿਦਿਆਰਥਣ ਧਰਮਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਨੇ (SGPA) 8.4 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਇਕਨਾਮਿਕਸ) ਸਮੈਸਟਰ-1 ਦੀਆਂ ਵਿਦਿਆਰਥਣਾਂ ਖੁਸ਼ੀ ਗੋਇਲ, ਮਨਵੀਰ ਕੌਰ, ਸਿਲਕੀ, ਸਿਮਰਨ ਨੇ (SGPA) 9.2 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਤੁਸ਼ਾਰ ਕਸ਼ਅੱਪ ਨੇ (SGPA) 9.00 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਇਕਨਾਮਿਕਸ) ਸਮੈਸਟਰ-2 ਦੀਆਂ ਵਿਦਿਆਰਥਣ ਸਿਲਕੀ ਨੇ (SGPA) 8.2 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਖੁਸ਼ੀ ਗੋਇਲ, ਮਨਵੀਰ ਕੌਰ, ਸਿਮਰਨ ਨੇ (SGPA) 7.8 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਇਕਨਾਮਿਕਸ) ਸਮੈਸਟਰ-3 ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ (SGPA) 9.2 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਕਿਰਨਦੀਪ ਕੌਰ, ਨਵਰੀਤ ਕੌਰ, ਮਨਜੀਤ ਕੌਰ, ਪ੍ਰੋਮੀਲਾ ਰਾਣੀ, ਲਵਪ੍ਰੀਤ ਸਿੰਘ ਨੇ (SGPA) 9.0 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਅੰਗਰੇਜ਼ੀ) ਸਮੈਸਟਰ-1 ਦੀ ਵਿਦਿਆਰਥਣ ਜੀਵਨਜੋਤ, ਮੁਸਕਾਨ ਨੇ (SGPA) 9.0 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਮਨਪ੍ਰੀਤ ਕੌਰ, ਪ੍ਰਿਅੰਕਾ ਸ਼ਰਮਾ ਨੇ (SGPA) 8.75 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਅੰਗਰੇਜ਼ੀ) ਸਮੈਸਟਰ-2 ਦੀ ਵਿਦਿਆਰਥਣ ਮੁਸਕਾਨ ਨੇ (SGPA) 7.75 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਪ੍ਰਿਅੰਕਾ ਸ਼ਰਮਾ, ਜੀਵਨਜੋਤ ਨੇ (SGPA) 7.0 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਅੰਗਰੇਜ਼ੀ) ਸਮੈਸਟਰ-3 ਦੀ ਵਿਦਿਆਰਥਣ ਤਮੰਨਾ, ਮੁਸਕਾਨ ਨੇ (SGPA) 9.0 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਗੁਰਪ੍ਰੀਤ ਕੌਰ, ਨਿਵੀਆ, ਮਨਪ੍ਰੀਤ ਕੌਰ ਨੇ (SGPA) 8.75 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-2 (ਅੰਗਰੇਜ਼ੀ) ਸਮੈਸਟਰ-4 ਦੀ ਵਿਦਿਆਰਥਣ ਗੁਰਪ੍ਰੀਤ ਕੌਰ ਨੇ (SGPA) 8.69 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਮੁਸਕਾਨ, ਮਨਪ੍ਰੀਤ ਕੌਰ ਨੇ (SGPA) 8.62 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਸੰਗੀਤ) ਸਮੈਸਟਰ-1 ਦੀ ਵਿਦਿਆਰਥੀ ਸੰਦੀਪ ਸਿੰਘ ਨੇ (SGPA) 9.75 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਕਿਰਨਦੀਪ ਕੌਰ, ਮਨਪ੍ਰੀਤ ਕੌਰ ਨੇ (SGPA) 9.5 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ.-1 (ਸੰਗੀਤ) ਸਮੈਸਟਰ-2 ਦੀ ਵਿਦਿਆਰਥੀ ਮਨਪ੍ਰੀਤ ਕੌਰ, ਜਗਜੀਤ ਸਿੰਘ ਨੇ (SGPA) 8.25 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਤੇ ਕਿਰਨਦੀਪ ਕੌਰ ਨੇ (SGPA) 8.0 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.-1 (ਕਮਿਸਟਰੀ) ਸਮੈਸਟਰ-1 ਦੀ ਵਿਦਿਆਰਥਣ ਭਵਨੀਤ ਕੌਰ, ਨੀਰਜ ਬਾਲਾ ਨੇ (CGPA) 8.82 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਦਿਆਂਸ਼ੂ ਧਵਨ ਨੇ 8.27 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।

- ਐਮ.ਐਸ.ਸੀ.-1 (ਕਮਿਸਟਰੀ) ਸਮੈਸਟਰ-2 ਦੀ ਵਿਦਿਆਰਥਣ ਨੀਰਜ ਬਾਲਾ ਨੇ (CGPA) 8.0 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰਾਜਵੀਰ ਕੌਰ ਨੇ 7.86 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.-2 (ਕਮਿਸਟਰੀ) ਸਮੈਸਟਰ-3 ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ (CGPA) 8.91 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਜਸਪ੍ਰੀਤ ਕੌਰ ਨੇ 8.64 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.-2 (ਕਮਿਸਟਰੀ) ਸਮੈਸਟਰ-4 ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ (CGPA) 8.33 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਪ੍ਰਿਅੰਕਾ ਸ਼ਰਮਾ ਨੇ 8.15 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਕਾਮ.-1 (ਸਮੈਸਟਰ-1) ਦੀ ਵਿਦਿਆਰਥਣ ਗਰੂਸ਼ੀ ਨੇ 465/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਗਰੇਸੀ ਨੇ 464/500 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਕਾਮ.-1 (ਸਮੈਸਟਰ-2) ਦੀ ਵਿਦਿਆਰਥਣ ਗਰੇਸੀ ਨੇ 410/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸਕਸ਼ਮ ਕੱਕੜ ਨੇ 401/500 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਕਾਮ.-2 (ਸਮੈਸਟਰ-3) ਦੀ ਵਿਦਿਆਰਥੀ ਸੁਭਮ ਮਲਿਕ, ਰਿੰਕਲ ਪਰਜਾਪਤੀ ਨੇ 481/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਗੋਰਿਕਾ ਗੋਇਲ ਨੇ 479/500 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਕਾਮ.-2 (ਸਮੈਸਟਰ-4) ਦੀ ਵਿਦਿਆਰਥੀ ਗੋਰਿਕਾ ਗੋਇਲ ਨੇ 407/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰਿੰਕਲ ਪਰਜਾਪਤੀ ਨੇ 400/500 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਕਾਮ.-3 (ਸਮੈਸਟਰ-5) ਦੀ ਵਿਦਿਆਰਥਣ ਅਮਰਪ੍ਰੀਤ ਕੌਰ, ਲਵਲੀਨ ਨੇ 517/550 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਨੇਹਾ ਰਾਣੀ ਨੇ 513/550 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਕਾਮ.-3 (ਸਮੈਸਟਰ-6) ਦੀ ਵਿਦਿਆਰਥਣ ਲਵਲੀਨ ਨੇ 2701/3100 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਤੀਰਥ ਸਿੰਘ ਨੇ 2642/3100 ਅੰਕ ਲੈ ਕੇ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ ।
- ਬੀ.ਐਸ.ਸੀ.-1 (ਮੈਡੀਕਲ) ਸਮੈਸਟਰ-1 ਦੀ ਵਿਦਿਆਰਥਣ ਸੰਜਨਾ ਨੇ 443/550 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਨਵਨੀਤ ਕੌਰ ਨੇ 435/550 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-1 (ਮੈਡੀਕਲ) ਸਮੈਸਟਰ-2 ਦੀ ਵਿਦਿਆਰਥਣ ਦਵਿੰਦਰ ਕੌਰ ਨੇ 394/550 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਰਾਜਬੀਰ ਕੌਰ ਨੇ 393/550 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਮੈਡੀਕਲ) ਸਮੈਸਟਰ-3 ਦੀ ਵਿਦਿਆਰਥਣ ਬਲਜੋਤ ਕੌਰ ਨੇ 513/625 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਚਹਿਕ ਜੈਨ ਨੇ 509/625 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਮੈਡੀਕਲ) ਸਮੈਸਟਰ-4 ਦੀ ਵਿਦਿਆਰਥਣ ਚਹਿਕ ਜੈਨ ਨੇ 529/625 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਰੋਹਿਤ ਕੁਮਾਰ ਨੇ 497/625 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਮੈਡੀਕਲ) ਸਮੈਸਟਰ-5 ਦੀ ਵਿਦਿਆਰਥਣ ਮਾਲਵੀਕਾ ਥਾਪਰ ਨੇ 481/550 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਨੰਦਨੀ ਨੇ 479/550 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।

- ਬੀ.ਐਸ.ਸੀ.-3 (ਮੈਡੀਕਲ) ਸਮੈਸਟਰ-6 ਦੀ ਵਿਦਿਆਰਥਣ ਮਾਲਵੀਕਾ ਥਾਪਰ ਨੇ 2744/3450 ਅੰਕ ਪ੍ਰਾਪਤ ਕਰਕੇ ਕਾਲਜ ਪੱਧਰ ਤੇ ਪਹਿਲਾ ਸਥਾਨ ਅਤੇ ਡੌਲੀ ਨੇ 2709/3450 ਅੰਕ ਪ੍ਰਾਪਤ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-1 (ਨਾਨ-ਮੈਡੀਕਲ) ਸਮੈਸਟਰ-1 ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 473/550 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅਨੂੰ ਨੇ 469/550 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-1 (ਨਾਨ-ਮੈਡੀਕਲ) ਸਮੈਸਟਰ-2 ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 469/550 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰੁਪਿੰਦਰ ਕੌਰ ਨੇ 463/550 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਨਾਨ-ਮੈਡੀਕਲ) ਸਮੈਸਟਰ-3 ਦੀ ਵਿਦਿਆਰਥੀ ਨਰਿੰਦਰ ਸਿੰਘ ਨੇ 519/625 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸ਼ੁਭਕਰਮਨ ਗਿੱਲ ਨੇ 498/625 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-2 (ਨਾਨ-ਮੈਡੀਕਲ) ਸਮੈਸਟਰ-4 ਦੀ ਵਿਦਿਆਰਥੀ ਨਰਿੰਦਰ ਸਿੰਘ ਨੇ 514/625 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅਮਿਤ ਕੁਮਾਰ ਨੇ 485/625 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਨਾਨ-ਮੈਡੀਕਲ) ਸਮੈਸਟਰ-5 ਦੀ ਵਿਦਿਆਰਥੀ ਅਮਿਤਪ੍ਰੀਤ ਸਿੰਘ ਨੇ 473/550 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰੋਹਿਤ ਕੁਮਾਰ ਨੇ 459/550 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਨਾਨ-ਮੈਡੀਕਲ) ਸਮੈਸਟਰ-6 ਦੀ ਵਿਦਿਆਰਥੀ ਓਮ ਪ੍ਰਕਾਸ਼ ਨੇ 2821/3450 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਕੁਨਿਕਾ ਨੇ 2683/3450 ਅੰਕਾਂ ਨਾਲ ਕਾਲਜ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-5 ਦੀ ਵਿਦਿਆਰਥੀ ਸਮਰ ਨੇ 611/700 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅਜੈਪਾਲ ਸਿੰਘ ਨੇ 604/700 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-3 (ਖੇਤੀਬਾੜੀ) ਸਮੈਸਟਰ-6 ਦੀ ਵਿਦਿਆਰਥੀ ਅੰਮ੍ਰਿਤਪਾਲ ਕੌਰ ਨੇ 590/700 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸੈਫ਼ੀ ਨੇ 583/700 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-4 (ਖੇਤੀਬਾੜੀ) ਸਮੈਸਟਰ-7 ਦੀ ਵਿਦਿਆਰਥਣ ਮਨੀਸ਼ਾ ਸਕਸ਼ੇਨਾ, ਰਾਜਪਾਲ ਕੌਰ ਨੇ 731/800 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸਿਮਰਜੀਤ ਕੌਰ, ਕਿਰਨਦੀਪ ਕੌਰ ਨੇ 719/800 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਐਸ.ਸੀ.-4 (ਖੇਤੀਬਾੜੀ) ਸਮੈਸਟਰ-8 ਦੀ ਵਿਦਿਆਰਥਣ ਸਿਮਰਜੀਤ ਕੌਰ ਨੇ 4836 ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਤਨੂੰ ਸੇਖਲਾ ਨੇ 4821 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-1 (ਸਮੈਸਟਰ-1) ਦੀ ਵਿਦਿਆਰਥਣ ਇਸ਼ੀਕਾ ਗਰਗ, ਸੁਖਮਨ ਨੇ 510/600 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਰਾਮ ਰਸ਼ਪਾਲ ਸਿੰਘ ਨੇ 504/600 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-1 (ਸਮੈਸਟਰ-2) ਦੀ ਵਿਦਿਆਰਥਣ ਈਸ਼ੀਕਾ ਗਰਗ ਨੇ 507/600 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅਲੀਸ਼ਾ ਗਰਗ ਨੇ 485/600 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-2 (ਸਮੈਸਟਰ-3) ਦੀ ਵਿਦਿਆਰਥਣ ਪ੍ਰਿਆਂਸ਼ੂ ਮਥਰੇਜਾ ਨੇ 607/700 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਅੰਜਲੀ ਨੇ 582/700 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-2 (ਸਮੈਸਟਰ-4) ਦੀ ਵਿਦਿਆਰਥਣ ਅੰਜਲੀ ਨੇ 522/700 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਪ੍ਰਿਆਂਸ਼ੂ ਮਥਰੇਜਾ ਨੇ 504/700 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਸੀ.ਏ.-3 (ਸਮੈਸਟਰ-5) ਦੀ ਵਿਦਿਆਰਥਣ ਵੰਦਨਾ ਨੇ 599/700 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸਿਮਰਨ ਨੇ 581/700 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

- ਬੀ.ਸੀ.ਏ.-3 (ਸਮੈਸਟਰ-6) ਦੀ ਵਿਦਿਆਰਥਣ ਸੁਖਪ੍ਰੀਤ ਕੌਰ ਨੇ 3275/4200 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਵੰਦਨਾ ਨੇ 3262/4200 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਏ.-1 (ਸਮੈਸਟਰ-1) ਦੀ ਵਿਦਿਆਰਥਣ ਰੀਯਾ ਸ਼ਰਮਾ ਨੇ 451/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਮਨਪ੍ਰੀਤ ਕੌਰ ਨੇ 483/550 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਏ.-1 (ਸਮੈਸਟਰ-2) ਦੀ ਵਿਦਿਆਰਥਣ ਜਸਮੀਨ ਕੌਰ ਨੇ 445/500 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਕਰਮਵੀਰ ਕੌਰ ਨੇ 437/550 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਏ.-2 (ਸਮੈਸਟਰ-3) ਦੀ ਵਿਦਿਆਰਥਣ ਗੀਤਿਕਾ ਗਰਗ ਨੇ 457/550 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਕਪਿਲਾ ਜਿੰਦਲ ਨੇ 448/550 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਏ.-3 (ਸਮੈਸਟਰ-5) ਦੀ ਵਿਦਿਆਰਥਣ ਸੰਜਨਾ ਰਾਣੀ ਨੇ 489/550 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਤਨਵੀਰ ਨੇ 433/500 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।
- ਬੀ.ਏ.-3 (ਸਮੈਸਟਰ-6) ਦੀ ਵਿਦਿਆਰਥਣ ਸੰਜਨਾ ਰਾਣੀ ਨੇ 2720/3300 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਅਤੇ ਸਿਮਰਨਜੀਤ ਕੌਰ ਨੇ 2452/3000 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ।

2. ਖੇਡਾਂ ਦਾ ਖੇਤਰ :-

1. **ਕ੍ਰਿਕਟ (ਲੜਕੇ/ਲੜਕੀਆਂ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਕ੍ਰਿਕਟ (ਲੜਕੇ/ਲੜਕੀਆਂ) ਮੁਕਾਬਲਿਆਂ ਵਿੱਚ ਕਾਲਜ ਦੀਆਂ ਟੀਮਾਂ ਨੇ ਭਾਗ ਲਿਆ। ਬੀ.ਏ. ਭਾਗ ਦੂਜਾ ਦੀਆਂ ਵਿਦਿਆਰਥਣਾਂ ਸੁਨੀਤ ਅਤੇ ਰੇਖਾ ਨੇ ਅੰਤਰ ਯੂਨੀਵਰਸਿਟੀ ਕੈਂਪ ਲਗਾਇਆ ਅਤੇ ਸੁਨੀਤ ਨੇ ਨਾਰਥ ਜੋਨ ਮੁਕਾਬਲਿਆਂ ਵਿੱਚ ਭਾਗ ਲਿਆ।

2. **ਕੁਸ਼ਤੀ (ਲੜਕੇ) ਗਰੀਕੋ ਰੋਮਨ ਸਟਾਈਲ** : ਕਾਲਜ ਦੀ ਕੁਸ਼ਤੀ ਟੀਮ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

(1) **ਮੋਹਿਤ ਸ਼ਰਮਾ (ਬੀ.ਏ.-2)** ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ, ਅੰਡਰ-23 ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

(2) **ਜਤਿਨ ਭਾਰਦਵਾਜ (ਬੀ.ਏ.-2)** ਨੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਮੁਕਾਬਲੇ ਵਿੱਚ ਭਾਗ ਲਿਆ, ਸੀਨੀਅਰ ਸਟੇਟ ਵਿੱਚ ਦੂਜਾ ਸਥਾਨ ਅਤੇ ਜੂਨੀਅਰ ਸਟੇਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਖੇਡਾਂ ਵਤਨ ਪੰਜਾਬ-2022 ਦੇ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

(3) **ਵਿਕਰਮ ਸਿੰਘ (ਬੀ.ਏ.-1)** ਨੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ ਅਤੇ ਖੇਡਾਂ ਵਤਨ ਪੰਜਾਬ-2022 ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

(4) **ਬੱਬਲ (ਬੀ.ਏ.-2)** ਨੇ ਅੰਤਰ ਕਾਲਜ ਮੁਕਾਬਲੇ ਵਿੱਚੋਂ ਦੂਜਾ ਸਥਾਨ, ਜੂਨੀਅਰ ਸਟੇਟ ਵਿੱਚ ਤੀਜਾ ਸਥਾਨ ਅਤੇ ਖੇਡਾਂ ਵਤਨ ਪੰਜਾਬ-2022 ਦੇ ਮੁਕਾਬਲਿਆਂ ਵਿੱਚ ਭਾਗ ਲਿਆ।

(5) **ਮਨਦੀਪ ਸਿੰਘ (ਬੀ.ਏ.-1)** ਨੇ ਜੂਨੀਅਰ ਸਟੇਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਖੇਡਾਂ ਵਤਨ ਪੰਜਾਬ-2022 ਅਤੇ ਅੰਤਰ ਕਾਲਜ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ।

(6) **ਰਵੀ ਕੁਮਾਰ (ਬੀ.ਏ.-3)** ਨੇ ਅੰਤਰ ਕਾਲਜ ਮੁਕਾਬਲੇ ਅਤੇ ਖੇਡਾਂ ਵਤਨ ਪੰਜਾਬ-2022 ਦੇ ਖੇਡ ਮੁਕਾਬਲਿਆਂ ਵਿੱਚ ਤੀਜਾ ਸਥਾਨ। ਅੰਡਰ-23 ਸਟੇਟ ਪੱਧਰ ਮੁਕਾਬਲਿਆਂ ਵਿੱਚ ਭਾਗ ਲਿਆ।

(7) **ਰੋਹਿਤ ਭਾਰਦਵਾਜ (ਬੀ.ਏ.-1)** ਨੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ। ਜੂਨੀਅਰ ਸਟੇਟ ਮੁਕਾਬਲੇ ਵਿੱਚ ਦੂਜਾ ਸਥਾਨ, ਖੇਡਾਂ ਵਤਨ ਪੰਜਾਬ-2022 ਵਿੱਚ ਤੀਜਾ ਸਥਾਨ, ਜੂਨੀਅਰ ਫੈਡਰੇਸ਼ਨ ਕੱਪ (ਨੈਸ਼ਨਲ ਪੱਧਰ) ਵਿੱਚ ਭਾਗ ਲਿਆ।

3. ਕੁਸ਼ਤੀ ਫਰੀ ਸਟਾਈਲ (ਲੜਕੀਆਂ) :

(1) **ਨਵਦੀਪ ਕੌਰ** (ਬੀ.ਏ.-2) ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ, ਅੰਡਰ-23 ਮੁਕਾਬਲੇ ਵਿੱਚ ਤੀਜਾ ਸਥਾਨ, ਜੂਨੀਅਰ ਸਟੇਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

(2) **ਮਨਜੀਤ ਕੌਰ** (ਬੀ.ਏ.-2) ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ, ਅੰਡਰ-23 ਸਟੇਟ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ, ਨੈਸ਼ਨਲ ਅੰਡਰ-23 ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਫਡਰੇਸ਼ਨ ਕੱਪ ਨੈਸ਼ਨਲ ਅੰਡਰ 2023 ਵਿੱਚ ਤੀਜਾ ਸਥਾਨ, ਸਟੇਟ ਪੱਧਰੀ ਫਡਰੇਸ਼ਨ ਅੰਡਰ-23 ਵਿੱਚ ਪਹਿਲਾ ਸਥਾਨ, ਸੀਨੀਅਰ ਸਟੇਟ ਮੁਕਾਬਲੇ ਵਿੱਚ ਦੂਜਾ ਸਥਾਨ, ਖੇਲੋਂ ਇੰਡੀਆ ਮੁਕਾਬਲੇ ਵਿੱਚ ਤੀਜਾ ਸਥਾਨ।

(3) **ਅੰਜਲੀ** (ਬੀ.ਏ.-2) ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ, ਖੇਡਾਂ ਵਤਨ ਪੰਜਾਬ-2022 ਦੇ ਖੇਡ ਮੁਕਾਬਲਿਆਂ ਵਿੱਚ ਦੂਜਾ ਸਥਾਨ, ਜੂਨੀਅਰ ਪੰਜਾਬ ਸਟੇਟ ਮੁਕਾਬਲੇ ਵਿੱਚ ਭਾਗ ਲਿਆ।

(4) **ਹਿਮਾਂਸ਼ੀ ਸ਼ਰਮਾ** (ਬੀ.ਏ.-2) ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਦੂਜਾ ਸਥਾਨ।

(5) **ਅਰਸ਼ਪ੍ਰੀਤ ਕੌਰ** (ਬੀ.ਏ.-1) ਦਾ ਅੰਤਰ ਕਾਲਜ ਮੁਕਾਬਲਿਆਂ ਵਿੱਚ ਦੂਜਾ ਸਥਾਨ। ਖੇਡਾਂ ਵਤਨ ਪੰਜਾਬ-2022 ਦੇ ਖੇਡ ਮੁਕਾਬਲਿਆਂ ਵਿੱਚ ਤੀਜਾ ਸਥਾਨ, ਜੂਨੀਅਰ ਪੰਜਾਬ ਸਟੇਟ ਮੁਕਾਬਲੇ ਵਿੱਚ ਤੀਜਾ ਸਥਾਨ।

(6) **ਰਜਨਦੀਪ ਕੌਰ** (ਬੀ.ਏ.-1) ਨੇ ਅੰਤਰ ਕਾਲਜ ਮੁਕਾਬਲਿਆਂ, ਖੇਡਾਂ ਵਤਨ ਪੰਜਾਬ-2022 ਦੇ ਮੁਕਾਬਲਿਆਂ ਅਤੇ ਜੂਨੀਅਰ ਪੰਜਾਬ ਸਟੇਟ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਅਤੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ।

4. **ਹੈਂਡਬਾਲ (ਲੜਕੇ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਹੈਂਡਬਾਲ (ਲੜਕਿਆਂ) ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਭਾਗ ਲਿਆ। ਖਿਡਾਰੀ ਰਮਨਦੀਪ ਸਿੰਘ (ਬੀ.ਏ.-3), ਸੋਨੂੰ (ਬੀ.ਏ.-3), ਰਵਿੰਦਰ ਸਿੰਘ (ਬੀ.ਏ.-3), ਕੇਸ਼ਵ (ਬੀ.ਏ.-2), ਰਿਤਿਕ (ਬੀ.ਏ.-1), ਦੀਪਕ ਸਿੰਘ (ਬੀ.ਏ.-1) ਨੇ ਖੇਡਾਂ ਵਤਨ ਪੰਜਾਬ-2022 ਸਟੇਟ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਕੈਂਪ ਲਈ ਚੁਣੇ ਗਏ। ਰਮਨਦੀਪ ਸਿੰਘ (ਬੀ.ਏ.-3) ਨੇ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਭਾਗ ਲਿਆ।

5. **ਹੈਂਡਬਾਲ (ਲੜਕੀਆਂ/ਲੜਕੇ)** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਹੈਂਡਬਾਲ (ਲੜਕੀਆਂ) ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਭਾਗ ਲਿਆ। ਖਿਡਾਰੀ ਅਮਨਪ੍ਰੀਤ ਕੌਰ (ਬੀ.ਏ.-2), ਮੁਸਕਾਨ (ਬੀ.ਏ.-2), ਪ੍ਰੀਤੀ ਹੰਸ (ਬੀ.ਏ.-3), ਸੁਖਮਨਦੀਪ ਕੌਰ (ਬੀ.ਏ.-1), ਮਨਵੀਰ ਕੌਰ (ਬੀ.ਏ.-1), ਕੋਮਲ (ਬੀ.ਐਸ.ਸੀ. ਮੈਡੀਕਲ) ਨੇ ਅੰਡਰ-21 ਰਾਜ ਪੱਧਰੀ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰੀਤੀ ਹੰਸ (ਬੀ.ਏ.-3), ਮਨਵੀਰ ਕੌਰ (ਬੀ.ਏ.-1) ਅਤੇ ਕੋਮਲ (ਬੀ.ਐਸ.ਸੀ. ਮੈਡੀਕਲ) ਦੀ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ ਲਈ ਚੁਣੇ ਗਏ। ਕੋਮਲ (ਬੀ.ਐਸ.ਸੀ. ਮੈਡੀਕਲ) ਨੇ ਸੀਨੀਅਰ ਨੈਸ਼ਨਲ ਮੁਕਾਬਲੇ ਵਿੱਚ ਤੀਜਾ ਸਥਾਨ। ਵਿਦਿਆਰਥੀ ਰਮਨਦੀਪ ਸਿੰਘ (ਬੀ.ਏ.-3) ਨੇ ਅੰਤਰ ਯੂਨੀਵਰਸਿਟੀ ਹੈਂਡਬਾਲ ਮੁਕਾਬਲੇ ਵਿੱਚ ਭਾਗ ਲਿਆ ਅਤੇ ਯੂਨੀਵਰਸਿਟੀ ਹੈਂਡਬਾਲ ਟੀਮ ਦਾ ਮੈਂਬਰ ਬਣਿਆ।

6. **ਐਥਲੈਟਿਕਸ (ਲੜਕੇ/ਲੜਕੀਆਂ) :**

ਕਾਲਜ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਐਥਲੈਟਿਕਸ ਮੁਕਾਬਲਿਆਂ ਵਿੱਚ ਭਾਗ ਲਿਆ। ਖਿਡਾਰਨ- ਜਸਪ੍ਰੀਤ ਕੌਰ (ਬੀ.ਏ.-3) ਨੇ ਜੈਵਲਿਨ ਥਰੋਅ ਮੁਕਾਬਲੇ ਵਿੱਚ ਤੀਜਾ ਸਥਾਨ ਅਤੇ ਰਾਜ ਪੱਧਰੀ ਮੁਕਾਬਲਿਆਂ ਵਿੱਚ 5000 ਮੀਟਰ ਦੌੜ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਉਰਮਿਲਾ (ਬੀ.ਏ.-2), ਰੂਪਾ ਕੁਮਾਰੀ (ਬੀ.ਏ.-2), ਸਿਮਰਨਪ੍ਰੀਤ (ਬੀ.ਏ.-2), ਪੂਜਾ (ਬੀ.ਏ.-1) ਨੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਭਾਗ ਲਿਆ।

7. ਜੂਡੋ (ਲੜਕੇ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਜੂਡੋ ਮੁਕਾਬਲੇ ਵਿੱਚ ਕਾਲਜ ਦੀ ਟੀਮ ਦੇ ਜਤਿਨ ਭਾਰਦਵਾਜ (ਬੀ.ਏ.-2) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮੋਹਿਤ ਸ਼ਰਮਾ (ਬੀ.ਏ.-2), ਰਵੀ ਕੁਮਾਰ (ਬੀ.ਏ.-3) ਨੇ ਭਾਗ ਲਿਆ।

8. ਜੂਡੋ (ਲੜਕੀਆਂ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਜੂਡੋ ਮੁਕਾਬਲੇ ਵਿੱਚ ਕਾਲਜ ਦੀ ਟੀਮ ਦੇ ਮਨਜੀਤ ਕੌਰ (ਬੀ.ਏ.-2) ਨੇ ਦੂਜਾ ਸਥਾਨ, ਅੰਜਲੀ (ਬੀ.ਏ.-2) ਨੇ ਤੀਜਾ ਸਥਾਨ, ਹਿਮਾਂਸ਼ੀ ਸ਼ਰਮਾ (ਬੀ.ਏ.-2) ਨੇ ਤੀਜਾ ਸਥਾਨ, ਅਰਸ਼ਪ੍ਰੀਤ ਕੌਰ (ਬੀ.ਏ.-1) ਨੇ ਦੂਜਾ ਸਥਾਨ ਪ੍ਰਾਪਤ ਕੀਤਾ।

9. ਕਬੱਡੀ (ਲੜਕੀਆਂ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ। ਖਿਡਾਰਣ ਪ੍ਰਿਆ (ਬੀ.ਏ.-1), ਗੁਰਪ੍ਰੀਤ ਕੌਰ (ਬੀ.ਏ.-1), ਕਿਰਨ ਕੌਰ (ਬੀ.ਏ.-1) ਨੇ ਅੰਡਰ 21 ਖੇਡ ਮੁਕਾਬਲੇ ਵਿੱਚ ਭਾਗ ਲਿਆ। ਹੰਸਵੀਰ ਕੌਰ (ਬੀ.ਏ.-1), ਕਵਿਤਾ (ਬੀ.ਏ.-1) ਨੇ ਖੇਡਾਂ ਵਤਨ ਪੰਜਾਬ-2022 ਦੇ ਸਟੇਟ ਮੁਕਾਬਲੇ ਵਿੱਚ ਦੂਜਾ ਸਥਾਨ ਅਤੇ ਸੀਨੀਅਰ ਸਟੇਟ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

10. ਗੱਤਕਾ (ਲੜਕੇ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਕਾਲਜ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪਕਸ਼ਦੀਪ ਸਿੰਘ (ਬੀ.ਏ.-1) ਨੇ ਅੰਤਰ ਕਾਲਜ ਸਿੰਗਲ ਸੋਟੀ ਮੁਕਾਬਲੇ ਵਿੱਚ ਦੂਜਾ ਸਥਾਨ ਅਤੇ ਫਰੀ ਸੋਟੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਕਾਲਜ ਦੀਆਂ ਕ੍ਰਿਕਟ, ਕਬੱਡੀ, ਫੁੱਟਬਾਲ, ਤਾਈਕਵਾਂਡੋ ਆਦਿ ਟੀਮਾਂ ਨੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ।

**ਵਿਸ਼ੇਸ਼ –**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਾਲਜ ਵਿਖੇ ਕੁਸ਼ਤੀ (ਲੜਕੇ/ਲੜਕੀਆਂ) ਦੇ ਅੰਤਰ ਕਾਲਜ ਮੁਕਾਬਲੇ ਆਯੋਜਿਤ ਕਰਵਾਏ ਗਏ। ਸਰੀਰਕ ਸਿੱਖਿਆ ਵਿਭਾਗ ਵੱਲੋਂ 29 ਅਗਸਤ 2022 ਨੂੰ ਰਾਸ਼ਟਰੀ ਖੇਡ ਦਿਵਸ ਮੌਕੇ ਕਰਾਸ ਕੰਟਰੀ, ਭਾਸ਼ਣ ਮੁਕਾਬਲੇ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਵਿਭਾਗ ਵੱਲੋਂ 16-17 ਫ਼ਰਵਰੀ 2023 ਨੂੰ ਕਾਲਜ ਦਾ ਸਲਾਨਾ ਖੇਡ ਸਮਾਰੋਹ, ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਕਰਵਾਇਆ ਗਿਆ ਜਿਸ ਵਿੱਚ ਰੂਪਾ ਕੁਮਾਰੀ (ਬੀ.ਏ.-2) ਅਤੇ ਅਰਸ਼ ਕੁਮਾਰ (ਬੀ.ਏ.-1) ਬੈਸਟ ਐਥਲੀਟ ਬਣੇ।

ਸਾਡੇ ਕਾਲਜ ਕੋਲ ਸਵੀਮਿੰਗ ਪੂਲ, ਕ੍ਰਿਕਟ ਗਰਾਊਂਡ, ਲਾਅਨ ਟੈਨਿਸ ਦਾ ਸੀਮਿੰਟ ਕੋਰਟ, ਵਾਲੀਬਾਲ, ਕਬੱਡੀ ਗਰਾਊਂਡ ਹਨ ਅਤੇ ਹਾਕੀ ਦੀ ਮਾਡਰਨ ਤਕਨੀਕ (ਐਸਟਰੋਟਰਫ) ਦੀ ਗਰਾਊਂਡ ਹੈ। ਰੂਸਾ ਪ੍ਰੋਜੈਕਟ ਅਧੀਨ ਬੁਨਿਆਦੀ ਢਾਂਚੇ ਲਈ ਪ੍ਰਾਪਤ ਗ੍ਰਾਂਟ ਵਿੱਚੋਂ ਕਾਲਜ ਦੇ ਜਿਮ ਅਤੇ ਸਪੋਰਟਸ ਦਾ ਨਵਾਂ ਸਮਾਨ ਖਰੀਦਿਆ ਗਿਆ। ਹਰ ਸਾਲ ਦੀ ਤਰ੍ਹਾਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਅਤੇ ਮੇਲੇ ਦੌਰਾਨ ਕਾਲਜ ਦੀਆਂ ਗਰਾਊਂਡਾਂ ਅਤੇ ਕੁਸ਼ਤੀ (ਲੜਕੇ/ਲੜਕੀਆਂ), ਹਾਕੀ, ਵਾਲੀਬਾਲ, ਕ੍ਰਿਕਟ ਆਦਿ ਦੇ ਟੂਰਨਾਮੈਂਟ ਕਰਵਾਏ ਗਏ। ਸਾਲ 2022 ਵਿੱਚ ਖੇਡਾਂ ਵਤਨ ਪੰਜਾਬ-2022 ਵਿੱਚ ਵਾਲੀਬਾਲ (ਸਟੇਟ ਪੱਧਰ), ਹਾਕੀ (ਜ਼ਿਲ੍ਹਾ ਪੱਧਰ), ਤੈਰਾਕੀ (ਜ਼ਿਲ੍ਹਾ ਪੱਧਰ), ਤੈਰਾਕੀ (ਜ਼ਿਲ੍ਹਾ ਪੱਧਰ) ਆਦਿ ਦੇ ਟੂਰਨਾਮੈਂਟ ਕਰਵਾਏ ਗਏ। ਕ੍ਰਿਕਟ, ਪੀ.ਸੀ.ਏ. ਲੀਗ ਟੂਰਨਾਮੈਂਟ ਕਾਲਜ ਦੀ ਕ੍ਰਿਕਟ ਗਰਾਊਂਡ 'ਤੇ ਕਰਵਾਏ ਗਏ।

## 3. ਸੱਭਿਆਚਾਰਕ ਗਤੀਵਿਧੀਆਂ

- ਕਾਲਜ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਯੂਥ ਕੋਆਰਡੀਨੇਟਰ ਡਾ. ਰਾਜੇਸ਼ ਮੋਹਨ ਦੀ ਅਗਵਾਈ ਹੇਠ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੇ ਮੌਕੇ 'ਤੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਯੋਜਿਤ ਹੈਰੀਟੇਜ ਵਾਕ ਵਿੱਚ ਸ਼ਿਰਕਤ ਕਰਵਾਈ ਗਈ। ਇਸ ਹੈਰੀਟੇਜ ਵਾਕ ਵਿੱਚ ਵਿਦਿਆਰਥੀਆਂ ਨੇ ਭਾਰਤ ਦੇ ਵੱਖ ਵੱਖ ਰਾਜਾਂ ਦੇ ਸੱਭਿਆਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 6 ਤੋਂ 9 ਅਕਤੂਬਰ 2022 ਤੱਕ DAV College Bathinda ਵਿਖੇ ਆਯੋਜਿਤ ਖੇਤਰੀ ਯੁਵਕ ਮੇਲੇ ਵਿੱਚ ਤੱਕ ਸੰਗੀਤਕ ਵੰਨਗੀਆਂ ਦੀ Overall ਟਰਾਫੀ ਹਾਸਿਲ ਕੀਤੀ ਅਤੇ ਸਮੁੱਚੇ ਤੌਰ ਤੇ ਕਾਲਜ ਨੇ 48 ਕਾਲਜਾਂ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।ਸੰਗੀਤ ਵਿਭਾਗ ਦੇ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਆਲਮ ਨੂਰ ਨੇ ਖੇਤਰੀ ਅਤੇ ਅੰਤਰ ਖੇਤਰੀ ਯੁਵਕ ਮੇਲੇ ਵਿੱਚ Mimicry ਵਿੱਚ ਪਹਿਲਾ ਸਥਾਨ ਹਾਸਲ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਹਾਸਲ ਕੀਤਾ।

- ਕਾਲਜ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਏਕ ਭਾਰਤ ਸ਼੍ਰੇਸ਼ਟ ਭਾਰਤ ਅਤੇ ਅਜ਼ਾਦੀ ਦਾ ਅਮ੍ਰਿਤ ਮਹੋਤਸਵ ਮੁਹਿੰਮ ਤਹਿਤ ਭਾਰਤ ਸਰਕਾਰ ਦੇ ਨਿਯਮਾਂ ਅਨੁਸਾਰ ਸੁਰ ਆਂਗਨ ਸੁਸਾਇਟੀ ਅਤੇ ਬ੍ਰਿਜਿੰਦਰਾ ਕਲਚਰਲ ਸੁਸਾਇਟੀ ਵੱਲੋਂ ਗਾਂਧੀ ਜਯੰਤੀ, ਸੰਵਿਧਾਨ ਦਿਵਸ, ਵਿਸ਼ਵ ਵਿਕਲਾਂਗ ਦਿਵਸ, ਰਾਸ਼ਟਰੀ ਆਦਿਵਾਸੀ ਦਿਵਸ, ਰਾਸ਼ਟਰੀ ਸ਼ਹੀਦ ਦਿਵਸ ਅਤੇ ਬਸੰਤ ਦਿਵਸ ਮਨਾਏ ਗਏ।

### 4. ਐਨ.ਐਸ.ਐਸ. ਵਿਭਾਗ

- ਕੌਮੀ ਸੇਵਾ ਯੋਜਨਾ ਦਾ ਆਗਾਜ਼ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿੱਚ ਇੱਕ ਯੂਨਿਟ ਨਾਲ ਸਾਲ 1972 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤਾ ਗਿਆ ਸੀ। ਇਸ ਸਮੇਂ ਐਨ.ਐਸ.ਐਸ. ਦੇ ਪੰਜ ਯੂਨਿਟ 3 ਲੜਕਿਆਂ ਅਤੇ 2 ਲੜਕੀਆਂ ਦੇ ਹਨ। ਵਿਦਿਅਕ ਸ਼ੈਸ਼ਨ 2022-23 ਦੌਰਾਨ ਕੁੱਲ 600 ਵਲੰਟੀਅਰਜ਼ ਦੀ ਇੰਨਰੋਲਮੈਂਟ ਕੀਤੀ ਗਈ ਹੈ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਈ ਗਈ ਸੱਤਵੀਂ ਐਨ.ਐਸ.ਐਸ. ਯੂਥ ਕੰਨਵੈਨਸ਼ਨ 2022 ਵਿੱਚ 12 ਅਪ੍ਰੈਲ 2022 ਨੂੰ ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਬੂਟਾ ਸਿੰਘ, ਪ੍ਰੋ. ਗੁਰਪ੍ਰੀਤ ਕੌਰ ਅਤੇ 12 ਵਲੰਟੀਅਰਾਂ ਨੇ ਭਾਗ ਲਿਆ।
- ਵਿਭਾਗ ਵੱਲੋਂ 17 ਮਈ 2022 ਨੂੰ ਕਾਲਜ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 113 ਯੂਨਿਟ ਖੂਨ ਦਾਨ ਕੀਤਾ ਗਿਆ।
- ਕਾਲਜ ਪ੍ਰਿੰਸੀਪਲ ਦੀ ਯੋਗ ਅਗਵਾਈ ਅਧੀਨ 13 ਅਗਸਤ 2022 ਨੂੰ ਐਨ.ਐਸ.ਐਸ. ਵਿਭਾਗ ਵੱਲੋਂ "ਹਰ ਘਰ ਤਿਰੰਗਾ" ਮੁਹਿੰਮ ਤਹਿਤ ਅਜ਼ਾਦੀ ਦਾ ਅਮ੍ਰਿਤ ਮਹੋਤਸਵ ਮਨਾਇਆ ਗਿਆ।
- 24 ਅਗਸਤ 2022 ਨੂੰ ਵਿਭਾਗ ਅਤੇ ਓਲਡ ਸਟੂਡੈਂਟਸ ਐਸੋਸ਼ੀਏਸ਼ਨ ਵੱਲੋਂ ਸਵੱਛ ਵਾਤਾਵਰਣ ਦੀਆਂ ਕੋਸ਼ਿਸ਼ਾਂ ਤਹਿਤ ਪੌਦੇ ਲਗਾਏ ਗਏ।
- 19 ਅਕਤੂਬਰ 2022 ਨੂੰ "ਮੈਗਾ ਜਾਗਰੂਕਤਾ ਮੁਹਿੰਮ" ਤਹਿਤ ਪੰਜਾਬ ਦੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਪ੍ਰੋਜੈਕਟ ਲਾਂਚ ਕਰਨ ਸੰਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਈ ਗਈ ਮੀਟਿੰਗ ਵਿੱਚ ਸਮੂਹ ਪ੍ਰੋਗਰਾਮ ਅਫਸਰਾਂ ਨੇ ਭਾਗ ਲਿਆ ਅਤੇ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਪਰਾਲੀ ਨਾ ਸਾੜਨ ਬਾਰੇ ਜਾਗਰੂਕਤਾ ਫੈਲਾਈ।
- 14 ਨਵੰਬਰ 2022 ਨੂੰ "ਉਡਾਰੀਆਂ ਬਾਲ ਵਿਕਾਸ ਮੇਲਾ" ਅਧੀਨ ਪਿੰਡ ਹਰੀਨੌਂ ਵਿਖੇ ਆਂਗਨਵਾੜੀ ਸੈਂਟਰ ਵਿੱਚ ਬਾਲ ਦਿਵਸ ਮਨਾਇਆ।
- 22 ਅਕਤੂਬਰ 2022 ਨੂੰ ਗ੍ਰੀਨ ਦਿਵਾਲੀ ਸੰਬੰਧੀ ਸਾਬਕਾ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਨੇ ਵਲੰਟੀਅਰਾਂ ਨੂੰ ਵਿਸ਼ੇਸ਼ ਲੈਕਚਰ ਦਿੱਤਾ।
- 06 ਦਸੰਬਰ 2022 ਨੂੰ ਸੜਕ ਸੁਰੱਖਿਆ ਮੁਹਿੰਮ ਤਹਿਤ ਸਹੁੰ ਚੁੱਕ ਸਮਾਗਮ ਕਰਵਾਇਆ।
- 09 ਮਾਰਚ 2023 ਨੂੰ ਵਿਸ਼ਵ ਮਹਿਲਾ ਦਿਵਸ ਮਨਾਇਆ ਗਿਆ।

### 5. ਵੱਖ-ਵੱਖ ਵਿਭਾਗਾਂ, ਸਭਾਵਾਂ ਅਤੇ ਕਲੱਬਾਂ ਦੀਆਂ ਗਤੀਵਿਧੀਆਂ :

**ਪੰਜਾਬੀ ਵਿਭਾਗ-**

1. 26 ਮਈ 2022 ਨੂੰ ਭਾਸ਼ਾ ਵਿਭਾਗ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਅਤੇ ਪੰਜਾਬੀ ਵਿਭਾਗ ਵੱਲੋਂ ਸਾਂਝੇ ਰੂਪ ਵਿੱਚ 'ਕਹਾਣੀ ਦਰਬਾਰ' ਪ੍ਰੋਗਰਾਮ ਕਰਵਾਇਆ ਗਿਆ।
2. 29 ਸਤੰਬਰ 2022 ਨੂੰ ਵਿਰਾਸਤੀ ਮੇਲਾ-2022 ਕਰਵਾਇਆ ਗਿਆ ਜਿਸ ਵਿੱਚ ਪੰਜਾਬੀ ਸੱਭਿਆਚਾਰਕ ਨਾਲ ਸੰਬੰਧਤ ਵੰਨਗੀਆਂ ਦੇ ਮੁਕਾਬਲੇ ਕਰਵਾਏ ਗਏ।
3. 18 ਅਕਤੂਬਰ 2022 ਨੂੰ ਐਮ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਵੱਲੋਂ ਐਮ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਰਸਮੀ ਤੌਰ ਤੇ ਜੀ ਆਇਆ ਨੂੰ ਕਹਿਣ ਲਈ ਸਾਹਿਤਕ ਸਮਾਗਮ ਕਰਵਾਇਆ ਗਿਆ।
4. 29 ਨਵੰਬਰ 2022 ਨੂੰ ਪ੍ਰੋ. ਜਗਦੀਪ ਸਿੰਘ ਵੱਲੋਂ ਭਾਰਤੀ ਕਾਵਿ ਸ਼ਾਸਤਰ ਵਿਸ਼ੇ 'ਤੇ ਸੈਮੀਨਾਰ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ ਗਏ।

5. 30 ਨਵੰਬਰ 2022 ਨੂੰ ਸੰਗੀਤ ਵਿਭਾਗ ਦੇ ਸਹਿਯੋਗ ਨਾਲ 'ਪੰਜ ਸੁਖਨਕਾਰ, ਪੰਜ ਗੁਲੂਕਾਰ' ਸੰਗੀਤਕ ਪ੍ਰੋਗਰਾਮ ਦਾ ਆਯੋਜਨ ਕਰਵਾਇਆ ਗਿਆ।
6. 10 ਦਸੰਬਰ 2022 ਨੂੰ ਪ੍ਰੋ. ਬੂਟਾ ਸਿੰਘ ਨੂੰ ਪੰਜਾਬੀ ਲੇਖਕ ਮੰਚ ਫ਼ਰੀਦਕੋਟ ਵੱਲੋਂ ਕਵੀਸ਼ਰੀ ਐਵਾਰਡ-2022 ਨਾਲ ਸਨਮਾਨਿਤ ਕੀਤਾ ਗਿਆ।
7. 15 ਫ਼ਰਵਰੀ 2023 ਨੂੰ ਭਾਸ਼ਾ ਵਿਭਾਗ ਨਾਲ ਸਾਂਝੇ ਰੂਪ ਵਿੱਚ ਮਾਤ ਭਾਸ਼ਾ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ।
8. 21 ਫ਼ਰਵਰੀ 2023 ਨੂੰ ਭਾਸ਼ਾ ਮੰਚ ਫ਼ਰੀਦਕੋਟ ਵੱਲੋਂ ਸਾਂਝੇ ਰੂਪ ਵਿੱਚ ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ।
9. 28 ਫ਼ਰਵਰੀ 2023 ਨੂੰ ਡਾ. ਨਰਿੰਦਰਜੀਤ ਸਿੰਘ ਬਰਾੜ ਵੱਲੋਂ ਐਸ.ਬੀ.ਆਰ.ਐਸ. ਕਾਲਜ ਫਾਰ ਵੋਮੈਨ, ਘੁੱਦੂਵਾਲਾ, ਸਾਦਿਕ (ਫ਼ਰੀਦਕੋਟ) ਵਿਖੇ ਸੁਆਲ-ਜਵਾਬ ਪ੍ਰੋਗਰਾਮ ਵਿੱਚ ਮੁੱਖ ਵਕਤਾ ਵਜੋਂ ਭਾਗ ਲਿਆ।
10. 3 ਮਾਰਚ 2023 ਨੂੰ ਡਾ. ਨਰਿੰਦਰਜੀਤ ਸਿੰਘ ਬਰਾੜ ਨੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਕੈਂਪਸ, ਮੌੜ ਵਿਖੇ ਮੁੱਖ ਵਕਤਾ ਵਜੋਂ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਦਿੱਤਾ।
11. ਪੰਜਾਬੀ ਵਿਭਾਗ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਦਿੱਲੀ ਯੂਨੀਵਰਸਿਟੀ ਵਿਖੇ ਪੀ.ਐਚ.ਡੀ. ਲਈ ਦਾਖਲਾ ਲਿਆ।
12. 16 ਮਾਰਚ 2023 ਨੂੰ ਪੰਜਾਬੀ ਵਿਭਾਗ ਦੇ ਮੁਖ ਪ੍ਰੋ. ਕੁਲਵਿੰਦਰ ਕੌਰ ਜੀ ਨੇ ਭਾਰਤ ਸਰਕਾਰ ਦੇ ਜੀ-20 ਸੰਮੇਲਨ ਦੌਰਾਨ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪ੍ਰਦਰਸ਼ਨੀ ਅਤੇ ਸੈਮੀਨਾਰ ਵਿੱਚ ਭਾਗ ਲਿਆ।

ਹਰ ਵਰ੍ਹੇ ਦੀ ਤਰ੍ਹਾਂ ਇਸ ਵਰ੍ਹੇ ਵੀ ਵਿਭਾਗ ਵਲੋਂ ਕੰਧ ਪੱਤ੍ਰਿਕਾ ਰਿਲੀਜ਼ ਕੀਤੀ ਗਈ ਅਤੇ ਵਿਭਾਗ ਵੱਲੋਂ ਹਰ ਮਹੀਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇੱਕਤਰਤਾ ਵਿੱਚ ਸਾਹਿਤ ਸਭਾ ਦਾ ਆਯੋਜਨ ਕੀਤਾ ਗਿਆ।

**ਅੰਗਰੇਜ਼ੀ ਵਿਭਾਗ-**

ਅੰਗਰੇਜ਼ੀ ਵਿਭਾਗ ਵਿਖੇ ਸਾਲ 2003 ਤੋਂ ਅੰਗਰੇਜ਼ੀ ਸਾਹਿਤ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਇੱਕ ਐਸੋਸੀਏਸ਼ਨ ELSA ਕੰਮ ਕਰ ਰਹੀ ਹੈ ਜੋ ਕਾਲਜ ਦੀਆਂ ਮਹੱਤਵਪੂਰਨ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ। ਅੰਗਰੇਜ਼ੀ ਵਿਭਾਗ ਵੱਲੋਂ World Book Day, English Language Day, National Unity Day, National Dictionery Day and National Reading Day ਮਨਾਏ ਗਏ। ELSA ਵੱਲੋਂ 15 ਮਾਰਚ 2023 ਨੂੰ ਕੈਰੀਅਰ ਗਾਈਡੈਂਸ ਐਂਡ ਕੌਂਸਲਿੰਗ ਸੈਲ ਦੇ ਸਹਿਯੋਗ ਨਾਲ ਇੱਕ ਸੈਮੀਨਾਰ "How to face an interview" ਵਿਸ਼ੇ 'ਤੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਵਕਤਾ ਸ੍ਰੀ ਵਿਸ਼ਾਲ ਚਾਵਲਾ (ਕੈਰੀਅਰ ਕੌਂਸਲਰ, ਰੋਜ਼ਗਾਰ ਬਿਊਰੋ ਦਫ਼ਤਰ, ਫ਼ਰੀਦਕੋਟ) ਵਜੋਂ ਪਹੁੰਚੇ। ਇਸ ਮੌਕੇ ਐਮ.ਏ. ਅੰਗਰੇਜ਼ੀ ਅਤੇ ਬੀ.ਏ. ਭਾਗ ਤੀਜਾ ਦੇ ਲਗਭਗ 200 ਵਿਦਿਆਰਥੀਆਂ ਨੇ ਉਤਸ਼ਾਹ ਪੂਰਵਕ ਢੰਗ ਨਾਲ ਭਾਗ ਲਿਆ।

(1) ਡਾ. ਨਿਰਵਰਿੰਦਰ ਕੌਰ ਸੰਧੂ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫ਼ਰੀਦਕੋਟ ਵਿਖੇ ਐਮ.ਬੀ.ਬੀ.ਐਸ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ 15 ਦਿਨਾਂ ਲਈ ਅੰਗਰੇਜ਼ੀ ਭਾਸ਼ਾ ਅਤੇ ਅੰਗਰੇਜ਼ੀ ਸਾਹਿਤ ਦਾ ਫਾਊਂਡੇਸ਼ਨ ਕੋਰਸ ਦੌਰਾਨ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਡਾ. ਸੰਧੂ ਸ਼ੈਕਸਪੀਅਰ ਐਸੋਸੀਏਸ਼ਨ ਆਫ਼ ਇੰਡੀਆ ਦੇ ਲਾਈਫ਼ ਮੈਂਬਰ ਹਨ।

(2) ਡਾ. ਸ਼ਾਲਿਨੀ ਗੋਇਲ ਨੇ Betwixt & Between Identities : A study of cultural cross currents in the select fiction of Ruth Prawar Jhabwala ਵਿਸ਼ੇ 'ਤੇ ਇੱਕ ਕਿਤਾਬ ਲਿਖੀ ਅਤੇ ਪ੍ਰਕਾਸ਼ਿਤ ਕਰਵਾਈ। ਅੰਤਰ ਰਾਸ਼ਟਰੀ ਕਾਨਫਰੰਸ ਵਿੱਚ Revisiting Jane Eyre Through the Lens of wide Sargasso sea : An inter textual evulation ਵਿਸ਼ੇ 'ਤੇ ਪੇਪਰ ਪੜ੍ਹਿਆ ਅਤੇ ਇਹ ਪੇਪਰ International Journal of Research Culture & Society ਵਿੱਚ ਛਪਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 15-16 ਅਕਤੂਬਰ 2022 ਨੂੰ ਦੋ ਰੋਜ਼ਾ ਨੈਕ ਵਰਕਸ਼ਾਪ ਲਗਾਈ। ਡੀ.ਏ.ਵੀ. ਕਾਲਜ, ਚੰਡੀਗੜ੍ਹ ਵਿਖੇ ਜਨਵਰੀ 2023 ਵਿੱਚ ਇੱਕ ਰੋਜ਼ਾ ਨੈਕ ਵਰਕਸ਼ਾਪ ਲਗਾਈ। 9-10 ਫ਼ਰਵਰੀ 2023 ਨੂੰ ਡਾਇਟ, ਫ਼ਰੀਦਕੋਟ ਵਿਖੇ "School Mentoring by Higher Education Institutes" ਸਮਾਰੋਹ ਵਿੱਚ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ।

(3) ਪ੍ਰੋ. ਪਰਮਜੀਤ ਕੌਰ ਨੇ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ Nagamandala : A magical folk lore of cultural complexities ਵਿਸ਼ੇ 'ਤੇ ਪੇਪਰ ਪੜ੍ਹਿਆ ਅਤੇ ਇਹ ਪੇਪਰ International Journal of Research Culture & Society ਵਿੱਚ ਛਪਿਆ। ਇਸ ਸੈਸ਼ਨ ਦੌਰਾਨ ਪ੍ਰੋ. ਪਰਮਜੀਤ ਕੌਰ ਨੇ UGC HRDC Punjabi University Patiala ਵੱਲੋਂ ਆਯੋਜਿਤ Professional Development Programme for IQAC Coordinator ਅਟੈਂਡ ਕੀਤਾ। 9-10 ਫ਼ਰਵਰੀ 2023 ਨੂੰ ਡਾਇਟ, ਫ਼ਰੀਦਕੋਟ ਵਿਖੇ "School Mentoring by Higher Education Institutes" ਸਮਾਰੋਹ ਵਿੱਚ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ।

(4) ਪ੍ਰੋ. ਅਕਾਸ਼ਦੀਪ ਕੌਰ ਨੇ ਆਨ ਲਾਈਨ ਵਰਕਸ਼ਾਪ Resource Efficiency in Educational Campuses- North Region ਜੋ ਕਿ Center for Science an environment Punjab Polluation Board & Govt. College of Girls, Ludhiana ਵੱਲੋਂ ਕਰਵਾਇਆ ਗਿਆ ਸੀ, ਵਿੱਚ ਭਾਗ ਲਿਆ।

(5) ਡਾ. ਰਮਨਦੀਪ ਕੌਰ ਨੇ ਸੈਸ਼ਨ ਦੌਰਾਨ 'ਦੌਲਤ ਦੀ ਕੀਮਤ', 'ਮਿੱਤਰਤਾ ਦੇ ਮਾਇਨੇ', 'ਅਧਿਆਪਕ, ਅਧਿਆਪਨ ਅਤੇ ਵਿਦਿਆਰਥੀ: ਇੱਕ ਬਦਲਦਾ ਰੂਪ', 'ਪਿਆਰ ਸਾਦਗੀ ਅਤੇ ਸਹਿਣਸ਼ੀਲਤਾ ਦੀ ਮੂਰਤ- ਮੇਰੇ ਪਿਆਰੇ ਦਾਦੇ ਜੀ' ਅਤੇ 'ਮਿੰਨੀ ਕਹਾਣੀ- ਨਵੀਂ ਵਿਆਹੀ ਮਾਂ' ਅਤੇ 'ਕਵਿਤਾ- ਜਨਮ ਦਿਨ ਮੁਬਾਰਕ' ਆਦਿ ਵੱਖ-ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ। 'Parenting Style Scale' ਨਾਮਕ ਸਾਇਕੋਲੋਜੀਕਲ ਟੂਲ, ਆਗਰਾ ਸਾਇਕੋਲੋਜੀਕਲ ਰਿਸਰਚ ਸੈਲ ਤੋਂ ਪ੍ਰਕਾਸ਼ਿਤ ਕਰਵਾਇਆ। ਆਨ ਲਾਈਨ ਵਰਕਸ਼ਾਪ Resource Efficiency in Educational Campuses- North Region ਜੋ ਕਿ Center for Science an environment Punjab Polluation Board & Govt. College of Girls, Ludhiana ਵੱਲੋਂ ਕਰਵਾਇਆ ਗਿਆ ਸੀ, ਵਿੱਚ ਭਾਗ ਲਿਆ।

(6) ਪ੍ਰੋ. ਰਾਜਵਿੰਦਰ ਕੌਰ ਬਰਾੜ ਨੇ Catchment Area ਸਬੰਧੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ) ਪੰਜ ਗਰਾਈਂ (ਕੋਟਕਪੂਰਾ) ਵਿਖੇ ਵਿਜਿਟ ਅਤੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਅਗਾਊਂ ਇਨਰੋਲਮੈਂਟ ਲਈ ਪ੍ਰੇਰਿਤ ਕੀਤਾ। NEP-2020 ਤਹਿਤ ਐਮ.ਏ. ਅੰਗਰੇਜ਼ੀ ਭਾਗ ਪਹਿਲਾ ਅਤੇ ਦੂਜਾ ਦੇ ਵਿਦਿਆਰਥੀਆਂ ਨੂੰ ABC Bank of Credit ਤੇ ਰਜਿਸਟਰ ਕਰਵਾਇਆ।

(7) ਪ੍ਰੋ. ਗੁਰਪ੍ਰੀਤ ਕੌਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਨ.ਐਸ.ਐਸ. ਦੀ ਸੱਤਵੀਂ ਯੂਥ ਕਨਵੈਂਸ਼ਨ ਵਿਖੇ ਭਾਗ ਲਿਆ। ਬ੍ਰਿਜਿੰਦਰਾ ਕਾਲਜ ਦੇ Communication Skill ਵਿਸ਼ੇ 'ਤੇ ਗੈਸਟ ਲੈਕਚਰ ਵਿੱਚ ਭਾਗ ਲਿਆ। ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਰੈਲੀ ਵਿੱਚ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ। ਲੇਖ 'ਆਪਣੇ ਸਵਰਗਵਾਸੀ ਬਾਪ ਨਾਲ, ਸ਼ਬਦੀ ਸਾਂਝ ਪਾਉਂਦੀ ਇੱਕ ਧੀ ਦੀ ਕਲਮ' ਨਾਮ ਦੇ ਸਿਰਲੇਖ ਅਧੀਨ ਵੱਖ-ਵੱਖ ਅਖਬਾਰ ਵਿੱਚ ਪ੍ਰਕਾਸ਼ਿਤ ਕਰਵਾਇਆ। ਕਾਲਜ ਕੈਂਪਸ ਵਿੱਚ ਆਪਣੇ ਪਿਤਾ ਜੀ ਦੀ ਯਾਦ ਵਿੱਚ ਛਾਂ ਦਾਰ ਪੌਦੇ ਲਗਵਾਏ ਗਏ। ਇੱਕ ਕਵਿਤਾ 'ਵਾਤਾਵਰਨ ਬਚਾਈਏ' ਅਖਬਾਰ ਵਿੱਚ ਪ੍ਰਕਾਸ਼ਿਤ ਕਰਵਾਈ। ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨ ਰਾਮਪੁਰਾ ਫੂਲ (ਬਠਿੰਡਾ) ਵੱਲੋਂ ਲਿਟਰੇਚਰ ਐਂਡ ਸੁਸਾਇਟੀ ਦੇ ਸਬੰਧ ਵਿੱਚ ਇੱਕ ਵੈਬੀਨਾਰ ਅਟੈਂਡ ਕੀਤਾ ਗਿਆ।

(8) ਲਵਪ੍ਰੀਤ ਸਿੰਘ (ਐਮ.ਏ.-1 ਅੰਗਰੇਜ਼ੀ), ਮਨਿੰਦਰ ਸ਼ਰਮਾ (ਬੀ.ਏ.-3) ਕਾਲਜ ਅਤੇ ਯੂਨੀਵਰਸਿਟੀ ਪੱਧਰ ਦੇ ਭਾਸ਼ਣ ਮੁਕਾਬਲੇ ਵਿੱਚ ਭਾਗ ਲਿਆ।

(9) ਡਾ. ਨਿਰਵਰਿੰਦਰ ਕੌਰ, ਡਾ. ਸ਼ਾਲਿਨੀ ਗੋਇਲ, ਪ੍ਰੋ. ਪਰਮਜੀਤ ਕੌਰ, ਪ੍ਰੋ. ਅਕਾਸ਼ਦੀਪ ਕੌਰ, ਡਾ. ਰਮਨਦੀਪ ਕੌਰ ਨੇ Vidwan Portal 'ਤੇ ਆਪਣੀ ਆਈ.ਡੀ. ਬਣਾ ਕੇ ਰਜਿਸਟ੍ਰੇਸ਼ਨ ਕਰਵਾਈ।

**ਅਰਥ ਵਿਗਿਆਨ ਵਿਭਾਗ-**

(1) 5 ਮਈ 2022 ਨੂੰ ਡਾ. ਗਗਨਦੀਪ ਕੌਰ ਦਾ "Assessing the impact of micro loans on rural poor" ਵਿਸ਼ੇ 'ਤੇ International Journal of Novel Research & Development ਵਿੱਚ ਪੇਪਰ ਛਪਿਆ।

(2) 24 ਸਤੰਬਰ 2022 ਨੂੰ ਡਾ. ਵੀਰਪਾਲ ਕੌਰ ਨੇ "Role of Women in Rural Transformation in Punjab: A case study of village Thandewala, Sri Muktsar Sahib" ਵਿਸ਼ੇ ਉਪਰ ਅਤੇ ਡਾ.

ਗਗਨਦੀਪ ਕੌਰ ਨੇ "Diversification of Agriculture in Punjab : Issues and Challenges" ਵਿਸ਼ੇ 'ਤੇ ਡੀ.ਏ.ਵੀ. ਕਾਲਜ ਬਠਿੰਡਾ ਵਿਖੇ ਆਯੋਜਿਤ ਨੈਸ਼ਨਲ ਸੈਮੀਨਾਰ ਵਿੱਚ ਪੇਪਰ ਪੜ੍ਹਿਆ।

(3) 4 ਨਵੰਬਰ 2022 ਨੂੰ ਡਾ. ਵੀਰਪਾਲ ਕੌਰ ਨੇ "Role of Women in Rural Transformation in Punjab" ਵਿਸ਼ੇ ਉਪਰ ਐਸ.ਬੀ.ਆਰ.ਐਸ. ਕਾਲਜ ਫਾਰ ਵੋਮੈਨ, ਘੁੱਦੂਵਾਲਾ (ਸਾਦਿਕ) ਫ਼ਰੀਦਕੋਟ ਵਿਖੇ ਐਕਸ਼ਨਟੇਂਸ਼ਨ ਲੈਕਚਰ ਦਿੱਤਾ।

ਇਸ ਤੋਂ ਇਲਾਵਾ 14 ਮਾਰਚ 2023 ਨੂੰ ਐਮ.ਏ. ਅਰਥ ਸ਼ਾਸਤਰ ਵਿਭਾਗ ਦੇ ਸਮੂਹ ਵਿਦਿਆਰਥੀਆਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਫ਼ਰੀਦਕੋਟ ਵਿਖੇ ਕਿਸਾਨ ਮੇਲਾ-2023 ਲਿਜਾਇਆ ਗਿਆ। 15 ਮਾਰਚ 2023 ਨੂੰ ਵਿਭਾਗ ਵੱਲੋਂ ਇੱਕ ਐਕਸਟੈਂਸ਼ਲ ਲੈਕਚਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾ. ਕਰਨਜੀਤ ਸਿੰਘ ਗਿੱਲ (ਚੀਫ਼ ਅਫਸਰ) ਖੇਤੀਬਾੜੀ ਵਿਭਾਗ ਨੇ Agriculture Diversification & Marketing ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।

**ਜੋਗਰਫੀ ਵਿਭਾਗ-**

(1) 16 ਸਤੰਬਰ 2022 ਨੂੰ ਵਿਭਾਗ ਵੱਲੋਂ ਵਿਸ਼ਵ ਓਜ਼ੋਨ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰੋ. ਗੁਰਲਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਓਜ਼ੋਨ ਪਰਤ ਦੀ ਹੋਂਦ ਮਹੱਤਤਾ ਅਤੇ ਪਰਤ ਵਿੱਚ ਆ ਰਹੇ ਨਿਘਾਰ ਦੇ ਕਾਰਨਾਂ ਸੰਬੰਧੀ ਜਾਗਰੂਕ ਕੀਤਾ ਗਿਆ।

(2) MGNCRE ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ 05 ਦਸੰਬਰ 2022 ਨੂੰ ਜੋਗਰਫੀ ਵਿਭਾਗ, ਖੇਤੀਬਾੜੀ ਵਿਭਾਗ, ਭੂਗੋਲ ਵਿਭਾਗ ਤੇ ਬਾਟਨੀ ਵਿਭਾਗ ਵੱਲੋਂ ਸਾਂਝੇ ਰੂਪ ਵਿੱਚ "National Soil Day" ਦੇ ਮੌਕੇ ਤੇ ਭਾਸ਼ਣ ਮੁਕਾਬਲੇ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਸਮਾਰੋਹ ਵਿੱਚ ਡਾ. ਯਾਦਵਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਫਰੀਦਕੋਟ ਨੇ ਮੁੱਖ ਵਕਤਾ ਦੇ ਰੂਪ ਵਿੱਚ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

(3) ਜੋਗਰਫੀ ਵਿਭਾਗ ਦੇ ਵਿਦਿਆਰਥੀਆਂ ਦਾ ਇੱਕ ਵਿਦਿਅਕ ਦੌਰਾ 15 ਮਾਰਚ 2023 ਨੂੰ ਸਿਸਵਾਂ ਡੈਮ, ਮੋਹਾਲੀ ਵਿਖੇ ਲਿਜਾਇਆ ਗਿਆ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਸਿਸਵਾਂ ਡੈਮ ਅਤੇ ਸਿਸਵਾਂ ਜੰਗਲ ਬਾਰੇ ਭੂਗੋਲਿਕ ਜਾਣਕਾਰੀ ਹਾਸਿਲ ਕਰਕੇ ਆਪਣੇ ਗਿਆਨ ਵਿੱਚ ਵਾਧਾ ਕੀਤਾ।

**ਹਿਸਟਰੀ ਵਿਭਾਗ-**

1) 21 ਸਤੰਬਰ 2022 ਨੂੰ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਡਾ. ਰੂਹੀ ਦੁੱਗ (ਡਿਪਟੀ ਕਮਿਸ਼ਨਰ, ਫ਼ਰੀਦਕੋਟ) ਦੀ ਅਗਵਾਈ ਅਧੀਨ ਹੈਰੀਟੇਜ਼ ਵਾੱਕ ਆਯੋਜਿਤ ਕੀਤੀ ਗਈ ਜਿਸ ਵਿੱਚ ਵਿਭਾਗ ਦੇ ਵਿਦਿਆਰਥੀ ਰੁਪਿੰਦਰ ਕੌਰ, ਹਰਕਮਲ ਕੌਰ, ਰੌਸ਼ਨੀ, ਹਿਮਾਂਸ਼ੂ, ਰੂਪ ਸਿੰਘ ਅਤੇ ਅਰਸ਼ਦੀਪ ਸਿੰਘ ਨੇ ਹਿੱਸਾ ਲਿਆ।

2) 28 ਸਤੰਬਰ 2022 ਨੂੰ ਡੀ.ਪੀ.ਆਈ. (ਕਾਲਜਾਂ) ਪੰਜਾਬ ਦੀਆਂ ਹਦਾਇਤਾਂ ਮੁਤਾਬਿਕ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ 115ਵੇਂ ਜਨਮ ਦਿਹਾੜੇ ਮੌਕੇ ਸਾਈਕਲ ਰੈਲੀ, ਸਿੰਪੋਜ਼ੀਅਮ ਅਤੇ ਨਾਟਕ ਦਾ ਆਯੋਜਨ ਕੀਤਾ ਗਿਆ। ਸਾਈਕਲ ਰੈਲੀ ਵਿੱਚ ਮੁੱਖ ਮਹਿਮਾਨ ਅਜ਼ਾਦੀ ਘੁਲਾਈਏ ਸ੍ਰੀ ਸੁਰੇਸ਼ ਅਰੋੜਾ (ਰਿਟਾ. ਪ੍ਰਿੰਸੀਪਲ) ਨੇ ਹਰੀ ਝੰਡੀ ਦੇ ਕੇ ਰੈਲੀ ਨੂੰ ਰਵਾਨਾ ਕੀਤਾ ਅਤੇ ਲਗਭਗ 60 ਵਿਦਿਆਰਥੀਆਂ ਅਤੇ ਅਧਿਆਪਕ ਨੇ ਭਾਗ ਲਿਆ। ਸਿੰਪੋਜ਼ੀਅਮ ਵਿੱਚ ਡਾ. ਪਰਮਿੰਦਰ ਸਿੰਘ (ਸਾਬਕਾ ਪ੍ਰਿੰਸੀਪਲ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ 150 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ।

3) ਵਿਭਾਗ ਦੇ ਵਿਦਿਆਰਥੀਆਂ ਵੱਲੋਂ ਨਾਟਕ 'ਮੈਂ ਫਿਰ ਆਵਾਂਗਾ' ਪੇਸ਼ ਕੀਤਾ ਗਿਆ।

4) ਅਕਤੂਬਰ 2022 ਨੂੰ ਭਾਸ਼ਾ ਵਿਭਾਗ ਪੰਜਾਬ ਦੁਆਰਾ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀ ਜਗਸੀਰ ਸਿੰਘ ਬਰਾੜ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

**ਰਾਜਨੀਤੀ ਸ਼ਾਸ਼ਤਰ ਵਿਭਾਗ-**

- 05 ਸਤੰਬਰ ਨੂੰ ਵਿਭਾਗ ਵੱਲੋਂ ਅਧਿਆਪਕ ਦਿਵਸ ਮਨਾਇਆ ਗਿਆ ਜਿਸ ਵਿੱਚ "ਅਧਿਆਪਕ-ਵਿਦਿਆਰਥੀ ਸੰਬੰਧਾਂ" ਵਿਸ਼ੇ ਤੇ ਵਾਦ-ਵਿਵਾਦ ਪ੍ਰਤੀਯੋਗਤਾ ਕਰਵਾਈ ਗਈ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

- ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਜ਼ਿਲਾ ਪੱਧਰੀ ਕੁਇਜ਼ ਪ੍ਰਤੀਯੋਗਤਾ 18 ਅਕਤੂਬਰ 2022 ਨੂੰ ਆਯੋਜਿਤ ਕੀਤੀ ਗਈ ਜਿਸ ਵਿੱਚ ਵਿਭਾਗ ਦੇ ਵਿਦਿਆਰਥੀ ਆਦਿਤਯ ਮੋਗਲਾ ਅਤੇ ਨਿਸ਼ਾ ਰਾਣੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।
- ਵਿਭਾਗ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਮੌਕੇ 'ਤੇ 09 ਨਵੰਬਰ 2022 ਨੂੰ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ GGC College, Patiala ਦੇ ਪ੍ਰੋ. ਡਾ. ਸ਼ਾਮ ਸੁੰਦਰ ਜੀ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।
- ਐਨ.ਐਸ.ਐਸ. ਵਿਭਾਗ ਨਾਲ ਸਾਂਝੇ ਤੌਰ ਤੇ 26 ਨਵੰਬਰ 2022 ਨੂੰ ਸੰਵਿਧਾਨ ਦਿਵਸ ਮਨਾਇਆ। ਇਸ ਮੌਕੇ ਭਾਸ਼ਣ ਪ੍ਰਤੀਯੋਗਿਤਾ ਆਯੋਜਿਤ ਕੀਤੀ ਗਈ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।
- ਸੁਭਾਸ਼ ਚੰਦਰ ਬੋਸ ਜੀ ਦੇ 125ਵੇਂ ਜਨਮ ਦਿਹਾੜੇ ਤੇ 23 ਜਨਵਰੀ 2023 ਨੂੰ ਪਰਾਕਰਮ ਦਿਵਸ ਆਯੋਜਿਤ ਕੀਤਾ ਗਿਆ ਜਿਸ ਵਿੱਚ ਆਨਲਾਈਨ ਪ੍ਰਕਿਰਿਆ ਰਾਹੀਂ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਨ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।
- ਵਿਭਾਗ ਵੱਲੋਂ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ 11 ਮਾਰਚ 2023 ਨੂੰ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਵਿਖੇ ਲਿਜਾਇਆ ਗਿਆ।
- DIET ਵਿੱਚ ਆਯੋਜਿਤ ਕੀਤੀ ਗਈ ਦੋ ਰੋਜਾ ਵਰਕਸ਼ਾਪ "School Mentoring by Higher Institutes" ਸਮਾਰੋਹ ਵਿੱਚ 09 ਅਤੇ 10 ਫਰਵਰੀ 2023 ਨੂੰ ਪ੍ਰੋ. ਕੌਸ਼ਲ ਰਾਣੀ ਨੇ ਰਿਸੋਰਸ ਪਰਸਨ ਵਜੋਂ ਭਾਗ ਲਿਆ।
- ਪ੍ਰੋ. ਕੌਸ਼ਲ ਰਾਣੀ ਨੇ 10000 ਕਿਲੋਮੀਟਰ ਮੈਰਾਥਨ ਦੌੜ 80 ਮਿੰਟਾਂ ਵਿੱਚ ਬੀ.ਐਚ.ਐਮ. ਬਠਿੰਡਾ ਵਿਖੇ ਭਾਗ ਲਿਆ ਜਿਸ ਵਿੱਚ 371 ਵਿੱਚੋਂ 176 ਰੈਂਕ ਓਵਰ ਆਲ ਅਤੇ ਮਹਿਲਾ ਖਿਡਾਰੀ ਵਿੱਚੋਂ 52 ਵਿੱਚੋਂ 17ਵਾਂ ਰੈਂਕ ਪ੍ਰਾਪਤ ਕੀਤਾ। ਇਨ੍ਹਾਂ ਨੂੰ ਮੈਡਲ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

**ਸੰਗੀਤ ਵਿਭਾਗ-**

- ਸ਼ੈਸ਼ਨ 2022-23 ਦੌਰਾਨ ਸੰਗੀਤ ਵਿਭਾਗ ਵੱਲੋਂ ਐਮ.ਏ ਮਿਊਜ਼ਿਕ ਵੋਕਲ ਅਤੇ ਸੰਗੀਤ ਵਾਦਨ ਵਿਸ਼ਿਆਂ ਦੀ ਯੂਨੀਵਰਸਿਟੀ ਮੁਆਇਨਾ ਕਮੇਟੀ ਵੱਲੋਂ ਇੰਨਸਪੈਕਸ਼ਨ ਕਰਵਾਈ ਗਈ ਅਤੇ ਕਾਲਜ ਵਿੱਚ ਐਮ.ਏ ਗਾਇਨ ਅਤੇ ਬੀ.ਏ ਸੰਗੀਤ ਵਾਦਨ ਵਿਸ਼ੇ ਦੀ ਸ਼ੁਰੂਆਤ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ DAV College Bathinda ਵਿਖੇ ਆਯੋਜਿਤ ਖੇਤਰੀ ਯੁਵਕ ਮੇਲੇ ਵਿੱਚ ਸੰਗੀਤਕ ਵੰਨਗੀਆਂ ਦੀ Overall ਟਰਾਫੀ ਹਾਸਿਲ ਕੀਤੀ ਅਤੇ ਸਮੁੱਚੇ ਤੌਰ ਤੇ ਕਾਲਜ ਨੇ 48 ਕਾਲਜਾਂ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ।
- ਸੰਗੀਤ ਵਿਭਾਗ ਦੇ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਆਲਮ ਨੂਰ ਨੇ ਖੇਤਰੀ ਅਤੇ ਅੰਤਰ ਖੇਤਰੀ ਯੁਵਕ ਮੇਲੇ ਵਿੱਚ Mimicry ਵਿੱਚ ਪਹਿਲਾ ਸਥਾਨ ਹਾਸਲ ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਗੋਲਡ ਮੈਡਲ ਹਾਸਲ ਕੀਤਾ।
- ਬੀ.ਏ. ਭਾਗ ਤੀਜਾ ਦੀ ਗਗਨਦੀਪ ਕੌਰ ਨੇ Indian red Cross ਵੱਲੋਂ ਕਰਵਾਏ ਗਏ Inter Versity Zonal Youth festival ਵਿੱਚ ਲੋਕ ਗੀਤ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ ਅਤੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸਮੂਹ ਗਾਇਨ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ।
- ਐਮ.ਏ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਹਥਿਆਰਾਂ, ਨਸ਼ਾ ਅਤੇ ਅਸ਼ਲੀਲ ਸ਼ਬਦਾਵਲੀ ਨਾਲ ਭਰੇ ਗੀਤਾਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਡਾ. ਰਾਜੇਸ਼ ਮੋਹਨ ਜੀ ਦੀ ਅਗਵਾਈ ਹੇਠ ਜਾਗਰੂਕਤਾ ਮੁਹਿੰਮ ਚਲਾਈ। ਇਸ ਮੁਹਿੰਮ ਤਹਿਤ ਪੰਜਾਬ ਦੇ ਵੱਖ ਵੱਖ ਕਾਲਜਾਂ, ਸਕੂਲਾਂ ਅਤੇ ਸਮਾਜ ਵੱਲੋਂ ਸਨਮਾਨਿਤ ਘਰਾਨਿਆਂ ਵਿਖੇ ਸ਼ੁੱਧ ਅਤੇ ਮਿਆਰੀ ਸੰਗੀਤ ਨਾਲ ਸੰਬੰਧਿਤ ਸਮਾਰੋਹ ਆਯੋਜਿਤ ਕੀਤੇ। ਜਿਨ੍ਹਾਂ ਵਿੱਚ ਉੱਘੇ ਸੰਗੀਤਕ ਉਸਤਾਦਾਂ ਅਤੇ ਮਾਹਿਰਾਂ ਨੇ ਸ਼ਿਰਕਤ ਕੀਤੀ।
- ਸੰਗੀਤ ਵਿਭਾਗ ਵਿੱਚ ਚਲਾਈ ਜਾ ਰਹੀ ਸੁਰ ਆਂਗਨ ਸੁਸਾਇਟੀ ਵੱਲੋਂ 17,18 ਅਤੇ 19 ਮਾਰਚ ਨੂੰ ਤਿੰਨ ਰੋਜ਼ਾ ਪ੍ਰੋ. ਕ੍ਰਿਸ਼ਨ ਕਾਂਤ ਰਾਸ਼ਟਰੀ ਸੰਗੀਤ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਦੇ ਨਾਮੀਂ ਸ਼ਾਸਤਰੀ ਸੰਗੀਤ ਗਾਇਕਾਂ/ਵਾਦਕਾਂ, ਸੰਗੀਤ ਵਿਦਵਾਨਾਂ ਅਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ।

- ਸੁਰ ਆਂਗਨ ਸੁਸਾਇਟੀ ਵੱਲੋਂ ਵਿਸ਼ਵ ਸੰਗੀਤ ਦਿਵਸ ਸਮਾਗਮ, ਸ਼ੇਖ ਫਰੀਦ ਆਗਮਨ ਪੁਰਬ, ਪੰਡਿਤ ਵਿਸ਼ਨੂੰ ਦਿੰਗਬਰ ਜਯੰਤੀ ਦੇ ਮੌਕੇ ਤੇ ਸੰਗੀਤ ਸਮਾਰੋਹ ਦਾ ਆਯੋਜਨ ਕੀਤਾ ਗਿਆ।

**ਫਿਲਾਸਫੀ ਵਿਭਾਗ–**

- 17 ਨਵੰਬਰ 2022 ਨੂੰ ਵਿਭਾਗ ਵੱਲੋਂ "World Philosophy Day" ਮਨਾਇਆ ਗਿਆ।
- 12 ਜਨਵਰੀ 2023 ਨੂੰ ਕਾਲਜ ਦੇ IQAC Cell ਦੇ ਨਿਰਦੇਸ਼ਾਂ ਅਧੀਨ ਫਿਲਾਸਫੀ ਵਿਭਾਗ, ਗਣਿਤ ਵਿਭਾਗ ਅਤੇ ਹਿੰਦੀ ਵਿਭਾਗ ਵੱਲੋ ਸਾਂਝੇ ਤੌਰ ਤੇ ਸਵਾਮੀ ਵਿਵੇਕਾਨੰਦ ਜੀ ਦੀ 160ਵੀਂ ਜਨਮ ਸ਼ਤਾਬਦੀ ਮੌਕੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਨ ਮੁਕਾਬਲੇ ਆਯੋਜਿਤ ਕੀਤੇ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।
- 25 ਜਨਵਰੀ 2023 ਨੂੰ ਸਰਕਾਰੀ ਰਜਿੰਦਰਾ ਕਾਲਜ ਬਠਿੰਡਾ ਵਿਖੇ ਫਿਲਾਸਫੀ ਅਤੇ ਮਨੋਵਿਗਿਆਨ ਵਿਭਾਗ ਵਿੱਚ ICPR ਵੱਲੋਂ "ਨੈਤਿਕਤਾ ਦਾ ਵਿਸ਼ਵੀਕਰਨ" ਅਤੇ "ਪੁਰਸ਼ਾਰਥ ਦੇ ਸਮਕਾਲੀਨ ਅਧਿਐਨ" ਤੇ ਇੱਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਫਿਲਾਸਫੀ ਵਿਭਾਗ ਦੇ ਵਿਦਿਆਰਥੀਆਂ ਨੇ ਭਾਗ ਲਿਆ।

**ਹਿੰਦੀ ਵਿਭਾਗ–**

1) 17 ਸਤੰਬਰ 2022 ਨੂੰ ਰਾਸ਼ਟਰ ਭਾਸ਼ਾ ਪ੍ਰੀਸ਼ਦ ਦੇ ਅੰਤਰਗਤ ਹਿੰਦੀ ਵਿਭਾਗ ਵੱਲੋਂ ਹਿੰਦੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਪੋਸਟਰ ਮੇਕਿੰਗ ਅਤੇ ਕੋਲਾਜ਼ ਮੇਕਿੰਗ ਪ੍ਰਤਿਯੋਗਤਾ ਦਾ ਆਯੋਜਨ ਕੀਤਾ ਗਿਆ ਅਤੇ ਜੇਤੂਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।
2) 12 ਜਨਵਰੀ 2023 ਨੂੰ ਕਾਲਜ ਦੇ ਆਈ.ਕਿਊ.ਏ.ਸੀ. ਦੇ ਨਿਰਦੇਸ਼ਾ ਅਧੀਨ ਹਿੰਦੀ ਵਿਭਾਗ, ਗਣਿਤ ਵਿਭਾਗ ਅਤੇ ਫਿਲਾਸਫੀ ਵਿਭਾਗ ਵੱਲੋਂ ਸਾਂਝੇ ਤੌਰ ਤੇ ਸਵਾਮੀ ਵਿਵੇਕਾਨੰਦ ਜੀ ਦੀ 160ਵੀਂ ਜਨਮ ਸਤਾਬਦੀ ਮੌਕੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਨ ਮੁਕਾਬਲੇ ਆਯੋਜਿਤ ਕੀਤੇ। ਜੇਤੂਆਂ ਨੂੰ ਸਰਟੀਫਿਕੇਟ ਵੰਡੇ ਗਏ।
3) 21 ਫਰਵਰੀ 2023 ਨੂੰ ਕਾਲਜ ਦੇ 4 ਵਿਦਿਆਰਥੀਆਂ ਨੇ ਐਸ.ਐਸ.ਏ.ਜੀ.ਐਸ. ਦੇ ਵੀਡਿਓਗ੍ਰਾਫੀ ਮੁਕਾਬਲੇ ਵਿੱਚ ਭਾਗ ਲਿਆ। ਜਿਹਨਾਂ ਵਿੱਚ ਹਿੰਦੀ ਵਿਭਾਗ ਦੇ ਹਰੀ ਦਰਸ਼ਨ ਕੁਮਾਰ (ਬੀ.ਏ.-2) ਨੇ ਅਹਿਮ ਭੂਮਿਕਾ ਨਿਭਾਈ।

**ਕਾਮਰਸ ਵਿਭਾਗ–**

ਕਾਮਰਸ ਵਿਭਾਗ ਵੱਲੋਂ ਸਾਲ 1998 ਤੋਂ ਵਿਭਾਗੀ ਬੁੱਕ ਬੈਂਕ ਚਲਾਇਆ ਜਾ ਰਿਹਾ ਹੈ। ਇਸ ਬੁੱਕ ਬੈਂਕ ਵਿੱਚੋਂ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕਿਤਾਬਾਂ ਦਾਨ ਕੀਤੀਆਂ ਜਾਂਦੀਆਂ ਹਨ ਜਿਸ ਵਿੱਚੋਂ ਸਮੇਂ-ਸਮੇਂ ਜਰੂਰਤਮੰਦ ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ।

1. 6 ਅਕਤੂਬਰ 2022 ਨੂੰ ਕਮਰਸ ਵਿਭਾਗ ਵੱਲੋਂ ਕੰਪਿਊਟਰ ਵਿਭਾਗ ਨਾਲ ਸਾਂਝੇ ਤੌਰ ਤੇ ਸਾਈਬਰ ਜਾਗਰੂਕਤਾ ਦਿਵਸ ਮਨਾਇਆ ਗਿਆ। ਇਸ ਮੌਕੇ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਸੈਲ ਦੇ ਇੰਸਪੈਕਟਰ ਸ. ਅੰਮ੍ਰਿਤਪਾਲ ਸਿੰਘ ਨੇ ਭਾਸ਼ਣ ਦਿੱਤਾ।
2. 21 ਨਵੰਬਰ 2022 ਨੂੰ ਵਿਭਾਗ ਵੱਲੋਂ ਸਟੱਡੀ ਸਰਕਲ ਦੇ ਸਹਿਯੋਗ ਨਾਲ 'ਬੇਹੱਤਰੀਨ ਜੀਵਨ-ਜਾਂਚ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਬਲਾਕ ਖੇਤੀਬਾੜੀ ਅਫਸਰ ਡਾ. ਅਵਨਿੰਦਰਪਾਲ ਸਿੰਘ ਜੀ ਮੁੱਖ ਬੁਲਾਰੇ ਵਜੋਂ ਪਹੁੰਚੇ।
3. 10 ਦਸੰਬਰ 2022 ਨੂੰ ਆਤਮ ਪ੍ਰਬੋਧ ਸਮਾਗਮ ਵਿੱਚ ਡਾ. ਗਗਨਦੀਪ ਕੌਰ ਨੇ ਸ਼ਮੂਲੀਅਤ ਕੀਤੀ। ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਅਧਿਆਪਕ (ਅਕਾਦਮਿਕ ਕੌਂਸ਼ਲ) ਦੇ ਮੈਂਬਰ ਹਨ।
4. ਰਿੰਕਲ ਪਰਜਾਪਤੀ (ਬੀ.ਕਾਮ.-3) ਨੇ ਅੰਤਰ ਕਾਲਜ ਜੋਨਲ ਕੁਇਜ਼ ਮੁਕਾਬਲੇ ਵਿੱਚ ਪਹਿਲਾ ਅਤੇ ਅੰਤਰ ਜੋਨਲ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।
5. ਹਿਮਾਂਸ਼ੀ ਗਰਗ (ਬੀ.ਕਾਮ.-2) ਨੇ ਅੰਤਰ ਕਾਲਜ ਜੋਨਲ ਕਲਾਸੀਕਲ ਡਾਂਸ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।

6. ਰਿਤਸ ਮੱਕੜ ਅਤੇ ਲਵਪ੍ਰੀਤ ਸਿੰਘ ਨੇ 'ਇੰਡੀਅਲ ਪੋਸਟ ਪੇਮੈਂਟ ਬੈਂਕ ਲਿਮੀਟਿਡ' ਵਿੱਚ ਇੱਕ ਮਹੀਨੇ ਦੀ ਇੰਟਰਨਸ਼ਿਪ ਪੂਰੀ ਕੀਤੀ।
7. ਖੁਸ਼ੀ ਜ਼ਿੰਦਲ ਅਤੇ ਮਮਤਾ ਰਾਣੀ ਨੇ ਤਿੰਨ ਰੋਜ਼ਾ 20-21-22 ਜਨਵਰੀ 2023 ਨੂੰ 'Online GST Training Programme' ਵਿੱਚ ਭਾਗ ਲਿਆ। ਇਨ੍ਹਾਂ ਦੋਨਾਂ ਵਿਦਿਆਰਥੀਆਂ ਨੇ ਗੋਪੀਚੰਦ ਆਰਿਆ ਮਹਿਲਾ ਕਾਲਜ, ਅਬੋਹਰ ਵੱਲੋਂ ਕਰਵਾਏ ਆਨ ਲਾਇਨ ਕੁਇਜ਼ ਮੁਕਾਬਲੇ 'International None Violence Day' ਵਿੱਚ ਭਾਗ ਲਿਆ ਅਤੇ ਕ੍ਰਮਵਾਰ 75% ਅਤੇ 80% ਅੰਕ ਪ੍ਰਾਪਤ ਕੀਤੇ।
8. ਕਮਰਸ ਵਿਭਾਗ ਦੇ 7 ਵਿਦਿਆਰਥੀਆਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗੁਰੂ ਕਾਂਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵੱਲੋਂ ਲਗਾਏ ਗਏ ਵਿਰਸਾ ਕੈਂਪ ਵਿੱਚ ਮਿਤੀ: 6-7-8-9 ਅਕਤੂਬਰ 2022 ਨੂੰ ਭਾਗ ਲਿਆ।
9. 4 ਮਾਰਚ 2023 ਨੂੰ ਕਿੱਤਾਮੁਖੀ ਕੋਰਸਾ ਬਾਰੇ ਜਾਣਕਾਰੀ ਅਤੇ ਉੱਦਮੀਕਰਨ ਵਿਸ਼ੇ 'ਤੇ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਡਾ. ਅਸ਼ਵਨੀ ਭੱਲਾ ਜੀ, ਡਿਪਟੀ ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਮੋਹਾਲੀ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।
10. 7 ਮਾਰਚ 2023 ਨੂੰ ਔਰਤ ਦਿਵਸ ਨੂੰ ਸਮਰਪਿਤ 'Women Enterpreneur ਮੌਕੇ 'ਤੇ ਮੁਸ਼ਕਿਲਾਂ' ਵਿਸ਼ੇ 'ਤੇ ਪੀ.ਪੀ.ਟੀ., ਭਾਸ਼ਣ ਅਤੇ ਕਵਿਤਾ ਮੁਕਾਬਲੇ ਕਰਵਾਏ ਗਏ।
11. 15 ਮਾਰਚ 2023 ਨੂੰ ਵਿਭਾਗ ਵੱਲੋਂ 'Consumer Rights Day' ਮੌਕੇ 'Consumer Rights and How to File Complaints' ਵਿਸ਼ੇ 'ਤੇ ਪੀ.ਪੀ.ਟੀ. ਮੁਕਾਬਲੇ ਕਰਵਾਏ ਗਏ।

**ਕਮਿਸਟਰੀ ਵਿਭਾਗ-**

(1) ਵਿੱਦਿਅਕ ਸੈਸ਼ਨ 2022-23 ਦੌਰਾਨ ਵਿਭਾਗ ਵੱਲੋਂ 26 ਅਕਤੂਬਰ 2022 ਨੂੰ ਕਾਰਤਿਕ ਫੈਸਟੀਵਲ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਦਿਯਾ ਮੇਕਿੰਗ, ਰੰਗੋਲੀ ਮੇਕਿੰਗ, ਬੈਸਟ ਆਊਟ ਆਫ਼ ਵੇਸਟ ਆਦਿ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਰਿਪਦੀਪ ਸਿੰਘ, ਮਨਪ੍ਰੀਤ ਕੌਰ, ਸਿਮਰਨ ਕੌਰ, ਬਲਵਿੰਦਰ ਕੌਰ, ਸ਼ੀਤਲ, ਰਕਸ਼ੰਧਾ, ਨਵਜੋਤ ਕੌਰ, ਖੁਸ਼ਪ੍ਰੀਤ ਕੌਰ ਨੇ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।
(2) 2 ਨਵੰਬਰ 2022 ਤੋਂ 4 ਨਵੰਬਰ 2022 ਤੱਕ ਬੀ.ਐਸ.ਸੀ.-3 ਦੇ ਵਿਦਿਆਰਥੀ ਰੋਹਿਤ ਕੁਮਾਰ ਅਤੇ ਬੀ.ਐਸ.ਸੀ.-1 ਦੇ ਵਿਦਿਆਰਥੀ ਮਨਨ ਵੋਹਰਾ ਨੇ ਬਰਨਾਲਾ ਵਿਖੇ ਆਯੋਜਿਤ ਸਟੇਟ ਪੱਧਰੀ ਸਾਇੰਸ ਜਾਗਰੂਕਤਾ ਮੇਲੇ ਵਿੱਚ ਭਾਗ ਲਿਆ।

**ਫਿਜ਼ਿਕਸ ਵਿਭਾਗ-**

(1) ਪ੍ਰੋ. ਡਾ. ਸ਼ਿਵ ਸ਼ਕਤੀ ਸਿੰਘ ਨੇ 30 ਜਨਵਰੀ 2023 ਤੋਂ 03 ਫਰਵਰੀ 2023 ਤੱਕ MGSIPA ਅਤੇ NIDM Ministry of Home Affairs Govt. of India ਵੱਲੋਂ ਆਯੋਜਿਤ Disaster Management and Preparation of DMP ਵਿਸ਼ੇ ਤੇ FDP ਵਿੱਚ ਭਾਗ ਲਿਆ।
(2) "CCA-DRR" mainstreaming into city plans ਵਿਸ਼ੇ ਤੇ Regional level TOT ਵਿੱਚ ਪ੍ਰੋ. ਡਾ. ਸ਼ਿਵ ਸ਼ਕਤੀ ਸਿੰਘ ਨੇ ਮਿਤੀ 20 ਫਰਵਰੀ ਤੋਂ 24 ਫਰਵਰੀ 2023 ਤੱਕ ਭਾਗ ਲਿਆ।
(3) ਪ੍ਰੋ. ਡਾ. ਸ਼ਿਵ ਸ਼ਕਤੀ ਸਿੰਘ ਨੇ NPDRR Pre event workshop on livelihoods in post disaster recovery organized by MGSIPA ਅਤੇ NIDM Ministry of Home Affairs Govt. of India ਵੱਲੋਂ 28.02.2023 ਨੂੰ ਆਯੋਜਿਤ ਇੱਕ ਰੋਜ਼ਾ ਵਰਕਸ਼ਾਪ ਵਿੱਚ ਭਾਗ ਲਿਆ।

**ਬਾਟਨੀ ਵਿਭਾਗ-**

(1) ਡਾ. ਦੀਪਾ ਗੋਇਲ ਨੇ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਵੱਲੋਂ ਆਯੋਜਿਤ "Resource efficiency in Educational campuses" ਵਰਕਸ਼ਾਪ ਵਿੱਚ ਭਾਗ ਲਿਆ।

(2) ਡਾ. ਦੀਪਾ ਗੋਇਲ ਅਤੇ ਡਾ. ਮੀਨੂੰ ਗੁਪਤਾ ਨੇ NIPCCD, Mohali ਵੱਲੋਂ 03 ਨਵੰਬਰ 2022 ਨੂੰ ਆਯੋਜਿਤ "Two day workshop on Child Protection Issue for teachers of university/colleges" ਵਿੱਚ ਭਾਗ ਲਿਆ।

(3) ਡਾ. ਦੀਪਾ ਗੋਇਲ ਅਤੇ ਡਾ. ਮੀਨੂੰ ਗੁਪਤਾ ਨੇ ਵਿਦਿਆਰਥੀਆਂ ਨੂੰ ਫੀਲਡ ਦੌਰਾ, PAU Ludhiana ਤੇ ਬੋਟੈਨੀਕਲ ਗਾਰਡਨ ਦਾ ਦੌਰਾ ਕਰਵਾਇਆ।

(4) 11 ਮਾਰਚ 2023 ਨੂੰ ਬੀ.ਐਸ.ਸੀ. ਭਾਗ ਦੂਜਾ ਦੇ ਵਿਦਿਆਰਥੀਆਂ ਲਈ "Techniques and Practices in weed Sciences" ਵਿਸ਼ੇ ਤੇ ਇੱਕ ਵਰਕਸ਼ਾਪ ਆਯੋਜਿਤ ਕੀਤੀ ਗਈ ਜਿਸ ਵਿੱਚ ਸ਼੍ਰੀ ਰਾਇ ਸਿੰਘ (ਰਿਸਰਚ ਸਕੋਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਤੇ ਪ੍ਰੋ. ਸ਼ਮਸ਼ੇਰ ਸਿੰਘ ਨੇ ਰਿਸੋਰਸ ਪਰਸਨ ਵਜੋਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ।

ਜੁਆਲੋਜ਼ੀ ਵਿਭਾਗ-

(ੳ) ਪ੍ਰੋ. ਵਰਿੰਦਰ ਮੱਕੜ-

(1) 23 ਸਤੰਬਰ 2022 ਨੂੰ Center for Science an environment Punjab Polluation Board & Govt. College of Girls, Ludhiana ਵੱਲੋਂ ਆਨ ਲਾਈਨ ਵਰਕਸ਼ਾਪ Resource Efficiency in Educational Campuses- North Region ਵਿੱਚ ਭਾਗ ਲਿਆ।

(2) ਐਸ.ਬੀ.ਆਰ.ਐਸ. ਕਾਲਜ ਫਾਰ ਵੋਮੈਨ, ਘੁੱਦੂਵਾਲਾ (ਸਦਿਕ) ਵਿਖੇ Skill Base Small Scale Industies for Women ਵਿਸ਼ੇ ਤੇ ਐਕਸਟੈਂਸ਼ਨ ਲੈਕਚਰ ਦਿੱਤਾ।

(3) 9 ਨਵੰਬਰ 2022 ਨੂੰ National Institute of Disaster Management, Ministry of Home Affairs, Govt. of India in collaboration with GO Hazard Society ਵੱਲੋਂ ਆਯੋਜਿਤ ਤਿੰਨ ਰੋਜਾ ਆਨ ਲਾਈਨ ਟ੍ਰੇਨਿੰਗ Building Resilence of Health Facility ਵਿੱਚ ਭਾਗ ਲਿਆ।

(4) 16 ਨਵੰਬਰ 2022 ਤੋਂ 18 ਨਵੰਬਰ 2022 ਨੂੰ ਤਿੰਨ ਰੋਜ਼ਾ ਆਨ ਲਾਈਨ ਟ੍ਰੇਨਿੰਗ (Training on Vulnerability and Risk Assessment in Ganetic Plains), ਜੋ ਕਿ National Institute of Disaster Management, Ministry of Home Affairs Govt. of India, New Delhi ਵੱਲੋਂ ਆਯੋਜਿਤ ਕੀਤੀ ਗਈ, ਵਿੱਚ ਭਾਗ ਲਿਆ।

(5) 21 ਨਵੰਬਰ 2022 ਨੂੰ ਪ੍ਰੋ. ਮੱਕੜ ਨੇ ਸਰਕਾਰੀ ਮੱਛੀ ਫਾਰਮ ਫਰੀਦਕੋਟ ਵਿਖੇ World Fishery Day ਮੌਕੇ ਤੇ ਤਿੰਨ ਰੋਜ਼ਾ ਟ੍ਰੇਨਿੰਗ ਕੈਂਪ ਵਿੱਚ Diseas Management for Fresh Water Agriculture ਵਿਸ਼ੇ ਤੇ ਰਿਸੋਰਸ ਪਰਸਨ ਵਜੋਂ ਲੈਕਚਰ ਦਿੱਤਾ।

(6) 23 ਨਵੰਬਰ 2022 ਤੋਂ 25-11-2022 ਤੱਕ National Institute of Disaster Management Ministry of Home Affairs (Govt. of India) in collaboration with Lok Jagruti Kendra University Ahemdabad ਵੱਲੋਂ ਕਰਵਾਏ ਗਏ ਤਿੰਨ ਰੋਜ਼ਾ ਆਨ ਲਾਈਨ ਟ੍ਰੇਨਿੰਗ ਪ੍ਰੋਗਰਾਮ ਵਿੱਚ Cultural Heritage Disaster Risk Reduction ਵਿਸ਼ੇ 'ਤੇ ਭਾਗ ਲਿਆ।

(7) 28 ਨਵੰਬਰ 2022 ਤੋਂ 30-11-2022 ਤੱਕ National Institute of Disaster Management Ministry of Home Affairs (Govt. of India) in collaboration with RICA India Ltd. ਵੱਲੋਂ ਕਰਵਾਏ ਗਏ ਤਿੰਨ ਰੋਜ਼ਾ ਆਨ ਲਾਈਨ ਟ੍ਰੇਨਿੰਗ ਪ੍ਰੋਗਰਾਮ ਵਿੱਚ Change in Infrastructure Livehood and Ecosystem Services in Indian Sunderbans due to Freruent Disaster ਵਿਸ਼ੇ 'ਤੇ ਭਾਗ ਲਿਆ।

(8) 30 ਨਵੰਬਰ 2022 ਨੂੰ National Institute of Disaster Management Ministry of Home Affairs (Govt. of India) New Delhi ਵੱਲੋਂ ਕਰਵਾਏ ਗਈ ਤਿੰਨ ਰੋਜ਼ਾ ਵਰਕਸ਼ਾਪ ਵਿੱਚ Emergency Communication for Disaster Management ਵਿਸ਼ੇ 'ਤੇ ਭਾਗ ਲਿਆ।

(9) 27 ਦਸੰਬਰ 2022 ਨੂੰ National Institute of Disaster Management Ministry of Home Affairs (Govt. of India) in collaboration with MPRI ਵੱਲੋਂ ਕਰਵਾਏ ਗਏ ਆਨ ਲਾਈਨ ਵੈਬੀਨਾਰ ਵਿੱਚ Cambating air pollution in National capital region ਵਿਸ਼ੇ 'ਤੇ ਭਾਗ ਲਿਆ।

(10) 1 ਦਸੰਬਰ 2022 ਨੂੰ ਜੁਆਲੋਜ਼ੀ ਵਿਭਾਗ ਵੱਲੋਂ World AIDS Day ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਏਡਜ਼ ਵਿਸ਼ੇ ਨਾਲ ਸੰਬੰਧਤ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਭਾਗ ਲਿਆ ਜਿਸ ਵਿੱਚ ਪ੍ਰੋ. ਵਰਿੰਦਰ ਮੱਕੜ ਨੇ ਵਿਦਿਆਰਥੀਆਂ ਨੂੰ ਏਡਜ਼ ਬਾਰੇ ਜਾਣਕਾਰੀ ਦਿੱਤੀ।

(11) 1-2-2023 ਤੋਂ 7-2-2023 ਤੱਕ ਰਾਜ ਰਿਸ਼ੀ ਆਟੋਨੋਮਿਸ ਕਾਲਜ, ਅਲਵਰ (ਰਾਜਸਥਾਨ) ਦੁਆਰਾ ਆਯੋਜਿਤ ਸੱਤ ਰੋਜਾ ਇੰਟਰ ਨੈਸ਼ਨਲ ਸਾਰਟ ਟਰਮ ਟ੍ਰੇਨਿੰਗ ਪ੍ਰੋਗਰਾਮ-5 ਵਿੱਚ ਭਾਗ ਲਿਆ।

(12) 7-2-2023 ਤੋਂ 8-2-2023 ਤੱਕ School Montoring by Higher Institutes Programme ਤਹਿਤ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਵਿਖੇ ਰਿਸੋਰਸ ਪਰਸਨ ਵਜੋਂ (1) Stress Management by Gurbani, (2) National Education Policy-2022 ਸਬੰਧੀ ਜਾਣਕਾਰੀ ਦਿੱਤੀ।

(13) 17-2-2023 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਆਨ ਲਾਈਨ ਆਯੋਜਿਤ A way Ahead for Implementing NEP in HEI's in Leader S'Plak Lecture Series ਵਿੱਚ ਭਾਗ ਲਿਆ।

(14) 18-2-2023 ਨੂੰ Govt. Maharani Sudarshan College for Bikaner and Raj Rishi Govt. Autonomius College, Alwar (Rajasthan) ਵੱਲੋਂ ਆਯੋਜਿਤ ਤਿੰਨ ਰੋਜਾ ਇੰਟਰ ਨੈਸ਼ਨਲ ਕਾਨਫਰੰਸ ਵਿੱਚ ਭਾਗ ਲਿਆ ਅਤੇ Multidis Coplenary aspects of Human Rights and Enviroment ਵਿਸ਼ੇ ਤੇ ਇੱਕ ਪੇਪਰ ਪ੍ਰਸਤੁਤ ਕੀਤਾ।

ਵਿਭਾਗੀ-

(15) 28 ਸਤੰਬਰ 2022 ਨੂੰ ਵਿਭਾਗ ਵੱਲੋਂ 'ਬਿਊਰੋ ਆਫ਼ ਇੰਡੀਅਨ ਸਟੈਂਡਰਡਸ' ਦੇ ਸਹਿਯੋਗ ਨਾਲ ਸਟੈਂਡਰਡ ਰਾਈਟਿੰਗ ਮੁਕਾਬਲਾ ਕਰਵਾਇਆ ਜਿਸ ਵਿੱਚ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਇਨਾਮ ਵੰਡੇ ਗਏ।

(16) 17 ਅਕਤੂਬਰ 2022 ਨੂੰ ਵਿਭਾਗ ਵੱਲੋਂ ਗਰੀਨ ਦੀਵਾਲੀ ਮਨਾਈ ਗਈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਮਿਠਾਈਆਂ ਅਤੇ ਸਜਾਵਟੀ ਸਮਾਨ ਦੀਆਂ ਸਟਾਲਾਂ ਲਗਾਈਆਂ ਹਨ।

(17) 4 ਨਵੰਬਰ 2022 ਨੂੰ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 'ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ' ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਕੀਤੇ ਗਏ ਅਤੇ ਲੰਗਰ ਵਰਤਾਇਆ ਗਿਆ।

(18) 21 ਦਸੰਬਰ 2022 ਨੂੰ ਜੁਆਲੋਜ਼ੀ ਵਿਭਾਗ ਵੱਲੋਂ Beareu of Indian Standard ਦੀ ਮੱਦਦ ਨਾਲ Manak Mittra for Conducting Quality Rennact Compaign ਤਹਿਤ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ BIS ਦੇ ਸਹਾਇਕ ਡਾਇਰੈਕਟਰ ਸ੍ਰੀ ਕੁਸ਼ਾਗਰ ਜਿੰਦਲ ਅਤੇ ਸ੍ਰੀ ਵਿਕਸਤ ਕੁਮਾਰ ਵੱਲੋਂ ਵਿਦਿਆਰਥੀਆਂ ਨੂੰ Quality Contact ਪ੍ਰੋਗਰਾਮ ਦਾ ਹਿੰਸਾ ਬਣਨ ਲਈ ਪ੍ਰੇਰਿਤ ਕੀਤਾ ਗਿਆ।

(19) 5 ਜਨਵਰੀ 2023 ਨੂੰ BIS Chandigarh ਵੱਲੋਂ ਜੁਆਲੋਜ਼ੀ ਵਿਭਾਗ ਦੇ ਵਿਦਿਆਰਥੀਆਂ ਨੂੰ BIS ਬਾਰੇ ਜਾਣਕਾਰੀ ਮਹੱਈਆ ਕਰਵਾਈ ਗਈ। BIS ਦੇ ਸ੍ਰੀ ਵਿਕਸਤ ਕੁਮਾਰ ਨੂੰ Manak Mittra Campign ਨਾਲ ਜੁੜਨ ਲਈ ਪ੍ਰੋਤਸ਼ਾਹਿਤ ਕੀਤਾ।

(20) 20-2-2023 ਨੂੰ ਜੁਆਲੋਜ਼ੀ ਵਿਭਾਗ ਦੇ ਬੀ.ਐਸ.ਸੀ. ਭਾਗ ਤੀਜਾ ਦੇ ਵਿਦਿਆਰਥੀਆਂ ਨੇ ਪ੍ਰੋ. ਵਰਿੰਦਰ ਮੱਕੜ ਦੀ ਅਗਵਾਈ ਵਿੱਚ ਸਰਕਾਰੀ ਮੱਛੀ ਫਾਰਮ ਫ਼ਰੀਦਕੋਟ ਵਿਖੇ ਦੌਰਾ ਕੀਤਾ ਅਤੇ ਮੱਛੀ ਪਾਲਣ ਕਿੱਤੇ ਦੀ ਜਾਣਕਾਰੀ ਪ੍ਰਾਪਤ ਕੀਤਾ।

(21) 28-2-2023 ਨੂੰ ਜੁਆਲੋਜ਼ੀ ਵਿਭਾਗ ਵੱਲੋਂ National Science Day ਮਨਾਇਆ ਗਿਆ ਜਿਸ ਵਿੱਚ ਬੀ.ਐਸ.ਸੀ. ਦੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ ਗਿਆ।

**ਗਣਿਤ ਵਿਭਾਗ-**

(1) 19 ਸਤੰਬਰ 2022 ਨੂੰ UGC ਦੁਆਰਾ ਕਰਵਾਈ ਗਈ ਚੇਤਨਾ ਆਨਲਾਈਨ ਲੈਕਚਰ ਸੀਰੀਜ਼ on "Interection of Mathematics and deep Learning (Machine Learning)" ਵਿੱਚ ਪ੍ਰੋ. ਆਰਤੀ ਰਾਣੀ ਨੇ ਭਾਗ ਲਿਆ।

(2) 07 ਫਰਵਰੀ 2023 ਨੂੰ DIET ਵਿੱਚ ਆਯੋਜਿਤ ਕੀਤੀ ਗਈ ਦੋ ਰੋਜਾ ਵਰਕਸ਼ਾਪ "School Mentoring by Higher Institutes" ਸਮਾਰੋਹ ਵਿੱਚ ਪ੍ਰੋ. ਆਰਤੀ ਰਾਣੀ ਨੇ ਰਿਸੋਰਸ ਪਰਸਨ ਵਜੋਂ ਭਾਗ ਲਿਆ।

(3) 14 ਮਾਰਚ 2023 ਨੂੰ ਗਣਿਤ ਵਿਭਾਗ ਦੁਆਰਾ "ਪਾਈ ਦਿਵਸ" ਮਨਾਇਆ ਗਿਆ ਜਿਸ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਨ ਮੁਕਾਬਲੇ ਆਯੋਜਿਤ ਕੀਤੇ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

**ਖੇਤੀਬਾੜੀ ਵਿਭਾਗ-**

(1) ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੂੰ ਗੰਗਾ ਨਰਸਰੀ ਫਰੀਦਕੋਟ ਵਿਖੇ ਨਰਸਰੀ ਸੰਬੰਧੀ ਜਾਣਕਾਰੀ ਲਈ ਲਿਜਾਇਆ ਗਿਆ।

(2) ਮਾਰਚ 2022 ਤੋਂ ਜਗਤ ਗੁਰੂ ਨਾਨਕ ਦੇਵ ਜੀ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਚਲ ਰਹੇ ਵੱਖ ਵੱਖ ਸਰਟੀਫਿਕੇਟ ਕੋਰਸਾਂ, ਡਿਪਲੋਮਾ, ਆਰਗੈਨਿਕ ਫਾਰਮਿੰਗ,ਹਾਰਟੀਕਲਚਰ ਦਾ ਪਹਿਲਾ ਸ਼ੈਸ਼ਨ ਸ਼ੁਰੂ ਕੀਤਾ ਗਿਆ।

(3) ਵਿਭਾਗ ਦੇ ਵਿਦਿਆਰਥੀਆਂ ਨੂੰ 06 ਮਈ 2022 ਨੂੰ ਡੇਅਰੀ ਟੈਕਨਾਲਜੀ ਵਿਸ਼ੇ ਬਾਰੇ ਪ੍ਰੈਕਟੀਕਲ ਮੁਹਾਰਤ ਦੇਣ ਲਈ ਵੇਰਕਾ ਪਲਾਂਟ ਬਠਿੰਡਾ ਵਿਖੇ ਲਿਜਾਇਆ ਗਿਆ ਅਤੇ ਖੇਤੀ ਦੇ ਪੁਰਾਣੇ ਢੰਗਾਂ ਅਤੇ ਕੀਟਨਾਸ਼ਕਾਂ ਰਹਿਤ ਖੇਤੀ ਕਰਨ ਦੇ ਤਰੀਕਿਆਂ ਬਾਰੇ ਜਾਣੂ ਕਰਵਾਉਣ ਲਈ ਐਕਸਪਰਟ ਅੰਗਰੇਜ ਸਿੰਘ ਤੋਂ ਲੈਕਚਰ ਕਰਵਾਇਆ ਗਿਆ।

(4) ਵਿਭਾਗ ਦੇ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਬਣਾਉਣ ਲਈ ਉਹਨਾਂ ਨੂੰ ਖੁੰਭਾਂ ਤੇ ਚਿੰਗਰੀ ਦੀ ਕਾਸ਼ਤ ਦੀ Hands on training ਮਿਤੀ 16 ਨਵੰਬਰ 2022 ਨੂੰ KVK Faridkot ਲਿਜਾਇਆ ਗਿਆ।

(5) ਕ੍ਰਿਸ਼ੀ ਵਿਗਿਆਨ ਕੇਂਦਰ ਫਰੀਦਕੋਟ ਦੇ ਸਹਿਯੋਗ ਨਾਲ ਮਿਤੀ 10 ਅਕਤੂਬਰ 2022 ਤੇ 18 ਨਵੰਬਰ 2022 ਨੂੰ ਪਰਾਲੀ ਪ੍ਰਬੰਧਨ ਜਾਗਰੂਕਤਾ ਸੰਬੰਧੀ ਕਈ ਪ੍ਰੋਗਰਾਮ ਕਰਵਾਏ ਗਏ ਅਤੇ ਜਿਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਫਰੀਦਕੋਟ ਵੱਲੋਂ ਸਨਮਾਨ ਚਿੰਨ ਭੇਂਟ ਕੀਤੇ ਗਏ।

(6) ਵਿਭਾਗ ਵੱਲੋਂ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ 10 ਮਾਰਚ 2023 ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਲਿਜਾਇਆ ਗਿਆ ਅਤੇ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੇ "Veg Nutrition Garden" ਦੀ ਸਥਾਪਨਾ ਕੀਤੀ।

(7) ਵਿਭਾਗ ਵੱਲੋਂ ਵਿਦਿਆਰਥੀਆਂ ਨੂੰ 14 ਮਾਰਚ 2023 ਨੂੰ ਕਿਸਾਨ ਮੇਲੇ ਦਾ ਦੌਰਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵੱਖ ਵੱਖ ਸਰਕਾਰੀ ਸਕੀਮਾਂ ਦੀ ਜਾਣਕਾਰੀ ਹਾਸਿਲ ਕੀਤੀ।

(8) ਵਿਭਾਗ ਦੀ ਰੈਨੋਵੇਸ਼ਨ ਦੇ ਅੰਤਰਗਤ ਵਿਰਾਸਤੀ ਕਮਰੇ ਦੀ ਮੁਰੰਮਤ ਕਰਵਾਈ ਗਈ।

**ਕੰਪਿਊਟਰ ਵਿਭਾਗ-**

(1) 31 ਮਈ 2022 ਨੂੰ ਸਾਫਟਵੇਅਰ ਡਿਵੈਲਪਮੈਂਟ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਮੁੱਖ ਬੁਲਾਰੇ ਮੁਸਕਾਨ ਮਿੱਤਲ ਸਨ।

(2) ਨਵੰਬਰ 2022 ਭਾਈ ਘਨੱਈਆ ਜੀ ਦੀ ਯਾਦ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਕਰਵਾਏ ਗਏ ਰੈੱਡ ਕਰਾਸ ਸੋਸਾਇਟੀ ਪ੍ਰੋਗਰਾਮ ਵਿੱਚ ਬੀ .ਸੀ.ਏ. ਪਹਿਲੇ ਸਾਲ ਦੇ ਵਿਦਿਆਰਥੀ ਅਮਨ (ਪੋਸਟਰ ਮੇਕਿੰਗ) ਵਿੱਚ ਭਾਗ ਲਿਆ। ਬੀਸੀਏ ਦੂਜੇ ਦੇ ਵਿਸ਼ਵਜੀਤ ਅਤੇ ਅਮਨ ਨੇਤਲਾ ਨੇ ਫਸਟ ਏਡ ਮੁਕਾਬਲੇ ਵਿੱਚ ਭਾਗ ਲਿਆ ਅਤੇ ਤੀਜਾ ਇਨਾਮ ਪ੍ਰਾਪਤ ਕੀਤਾ।

(3) 22 ਅਕਤੂਬਰ 2022 ਨੂੰ ਕੰਪਿਊਟਰ ਵਿਭਾਗ ਵਿੱਚ MGNCRE New Delhi ਵੱਲੋਂ ਨਵੀਂ ਸਿੱਖਿਆ ਨੀਤੀ ਸੈਮੀਨਾਰ ਦਾ ਆਯੋਜਨ ਕੀਤਾ।

(4) ਪ੍ਰੋ. ਗੌਰਵ ਧਵਨ ਨੇ 16 ਨਵੰਬਰ 2022 ਨੂੰ ਆਯੋਜਿਤ ਸਮਾਜਿਕ ਉੱਦਮ ਅਧਾਰਤ ਵੋਕੇਸ਼ਨਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪੱਧਰੀ ਵਰਕਸ਼ਾਪ ਵਿੱਚ ਭਾਗ ਲਿਆ।

(5) ਪ੍ਰੋ. ਗੌਰਵ ਧਵਨ ਵੱਲੋਂ "30 ਜਨਵਰੀ, 2023-3 ਫਰਵਰੀ 2023" ਤੱਕ ਟੈਕਸਕਸ਼ਮ ਪ੍ਰੋਗਰਾਮ ਦੇ ਤਹਿਤ "ਆਰਟੀਫੀਸ਼ੀਅਲ ਇੰਟੈਲੀਜੈਂਸ" 'ਤੇ ਮਾਈਕ੍ਰੋਸਾਫਟ ਇੰਡੀਆ ਅਤੇ SAP ਇੰਡੀਆ ਦੀ ਅਗਵਾਈ ਵਾਲੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ।

(6) ਸਿੱਖ ਸਟੱਡੀ ਸਰਕਲ ਜਨਵਰੀ 2023 ਦੁਆਰਾ ਆਦੇਸ਼ ਮੈਡੀਕਲ ਕਾਲਜ ਬਠਿੰਡਾ ਵਿਖੇ ਕਰਵਾਏ ਗਏ ਸਲੋਗਨ ਰਾਈਟਿੰਗ ਮੁਕਾਬਲੇ ਵਿੱਚ ਬੀਸੀਏ ਦੂਜੇ ਦੇ ਅਰਸ਼ਦੀਪ ਸਿੰਘ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ।

(7) ਪੰਡਿਤ ਮਦਨ ਮੋਹਨ ਮਾਲਵੀਆ ਰਾਸ਼ਟਰੀ ਮਿਸ਼ਨ ਆਨ ਟੀਚਰਸ ਐਂਡ ਟੀਚਿੰਗ ਦੇ ਤਹਿਤ ਯੂਜੀਸੀ ਦੁਆਰਾ ਪ੍ਰਵਾਨਿਤ ਸ਼ਾਰਟ ਟਰਮ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਕੁਲਜੀਤ ਕੌਰ ਤੇ ਗੌਰਵ ਧਵਨ ਦੁਆਰਾ ਭਾਗ ਲਿਆ ਗਿਆ।

**Learner Support Centre**

ਜਗਤ ਗੁਰੂ ਨਾਨਕ ਦੇਵ, ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੁਆਰਾ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਖੇ **Learner Support Centre** ਸਥਾਪਿਤ ਕਰਦੇ ਹੋਏ ਬ੍ਰਿਜਿੰਦਰਾ ਕਾਲਜ ਨੂੰ **Certificate/Dimploma in Horticulture and Food Preservation** ਅਤੇ **Certificate/Diploma in Organic Farming** ਲਈ **Affiliation** ਦਿੱਤੀ ਜਾ ਚੁੱਕੀ ਹੈ। ਇਨ੍ਹਾਂ ਕੋਰਸਾਂ ਵਿੱਚ ਹੁਣ ਤੱਕ 75 ਵਿਦਿਆਰਥੀ ਦਾਖਲਾ ਲੈ ਚੁੱਕੇ ਹਨ।

ਲਾਇਬ੍ਰੇਰੀ-

ਕਾਲਜ ਦੀ ਲਾਇਬ੍ਰੇਰੀ ਗਿਆਨ ਦਾ ਸੋਮਾ ਹੈ। ਵਿੱਦਿਅਕ ਸੈਸ਼ਨ: 2021-22 ਦੌਰਾਨ ਕਾਲਜ ਦੀ ਗੁਰੂ ਨਾਨਕ ਦੇਵ ਲਾਇਬਰੇਰੀ ਵਿੱਚ 'ਇਮਾਨਦਾਰੀ ਦੀ ਦੁਕਾਨ' ਦਾ ਆਗਾਜ਼ ਕੀਤਾ ਗਿਆ ਜਿਸ ਵਿਦਿਆਰਥੀ ਅਤੇ ਅਧਿਆਪਕ, ਫਰੀ ਕਿਤਾਬਾਂ ਲੈ ਕੇ ਪੜ੍ਹ ਸਕਦੇ ਹਨ ਅਤੇ ਸਵੈ-ਇੱਛਾ ਨਾਲ ਆਪਣੀਆਂ ਪੁਰਾਣੀਆਂ ਕਿਤਾਬਾਂ ਦਾਨ ਕਰ ਸਕਦੇ ਹਨ ਜਿਸ ਤੋਂ ਭਵਿੱਖ ਵਿੱਚ ਅਨੇਕਾਂ ਲੋੜਵੰਦ ਵਿਦਿਆਰਥੀ ਲਾਭ ਉਠਾ ਸਕਦੇ ਹਨ।

ਇਸ ਸਮੇਂ ਲਾਇਬ੍ਰੇਰੀ ਵਿੱਚ ਕੁਲ 51,000 ਤੋਂ ਵੱਧ ਪੁਸਤਕਾਂ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਇਨਸਾਈਕਲੋਪੀਡੀਆ, ਡਿਕਸ਼ਨਰੀਆ, ਐਟਲਸ, ਸਿੱਖਿਆ ਨਾਲ ਸਬੰਧਿਤ ਰਿਪੋਰਟਾਂ, ਕੰਪੀਟੀਸ਼ਨ (ਯੂ.ਜੀ.ਸੀ. ਨੈੱਟ ਆਦਿ) ਨਾਲ ਸਬੰਧਿਤ ਪੁਸਤਕਾਂ ਸ਼ਾਮਿਲ ਹਨ।ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਲੋੜ ਨੂੰ ਧਿਆਨ ਵਿਚ ਰੱਖਦੇ ਹੋਏ ਸੈਸ਼ਨ 2022-23 ਦੌਰਾਨ ਵੱਖ-ਵੱਖ ਵਿਸ਼ਿਆਂ ਦੀਆਂ 518 ਨਵੀਆਂ ਪੁਸਤਕਾਂ ਖਰੀਦੀਆਂ ਗਈਆਂ। ਕਾਲਜ ਲਾਇਬ੍ਰੇਰੀ ਵਿਚ ਲਗਭਗ 1000 ਵਿਦਿਆਰਥੀ ਅਤੇ ਅਧਿਆਪਕ ਰੋਜ਼ਾਨਾ ਪੜ੍ਹਣ ਆਉਂਦੇ ਹਨ ਅਤੇ ਲਗਭਗ 250 ਪੁਸਤਕਾਂ ਰੋਜਾਨਾਂ ਇਸ਼ੂ ਕੀਤੀਆ ਜਾਂਦੀਆ ਹਨ। ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਨੂੰ ਪ੍ਰਫੁਲਿਤ ਕਰਨ ਲਈ ਮਿਤੀ: 19 ਤੋਂ 23 ਸਤੰਬਰ ਤੱਕ ਕਾਲਜ ਵਿਖੇ ਪੁਸਤਕ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ ।

ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸੂਚਨਾ ਸੇਵਾਵਾਂ ਪ੍ਰਦਾਨ ਕਰਨ ਲਈ ਅਤੇ ਈ-ਲਾਇਬ੍ਰੇਰੀ ਸੇਵਾਵਾਂ ਪ੍ਰਦਾਨ ਕਰਨ ਲਈ ਲਾਇਬ੍ਰੇਰੀ ਵਿੱਚ ਕੰਪਿਊਟਰ ਸਿਸਟਮ ਮੌਜੂਦ ਹਨ, ਜਿਨ੍ਹਾਂ ਉੱਤੇ ਵਿਦਿਆਰਥੀਆਂ ਅਤੇ ਸਟਾਫ਼ ਲਈ ਈ-ਕੈਟਾਲਾਗ ਅਤੇ ਇੰਨਟਰਨੈੱਟ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ।ਆਧੁਨਿਕ ਤਕਨੀਕਾਂ ਅਨੁਸਾਰ ਲਾਇਬ੍ਰੇਰੀ ਦਾ ਕੰਪਿਊਟਰੀਕਰਨ ਕੀਤਾ ਗਿਆ ਹੈ। ਪਾਠਕਾਂ ਨੂੰ ਵੱਧ ਤੋਂ ਵੱਧ ਸੂਚਨਾ ਸੇਵਾਵਾਂ ਪ੍ਰਦਾਨ ਕਰਨ ਲਈ ਲਾਇਬ੍ਰੇਰੀ ਵਿੱਚ ਮੌਜੂਦਾ ਸਾਰੀਆਂ ਪੁਸਤਕਾਂ ਦਾ ਮੁਕੰਮਲ ਸੂਚੀਕਰਨ ਤੇ ਵਰਗੀਕਰਨ ਕੀਤਾ ਗਿਆ ਹੈ। ਸਿੱਖਿਆ ਦੇ ਖੇਤਰ ਵੱਖ-ਵੱਖ ਵਿਸ਼ਿਆ ਨਾਲ ਸਬੰਧਤ ਦੁਰਲੱਭ ਪੁਸਤਕਾਂ ਨੂੰ ਪੜ੍ਹਨ ਲਈ ਸਾਬਕਾ ਵਿਦਿਆਰਥੀ ਅਤੇ ਯੂਨੀਵਰਸਿਟੀ ਰਿਸਰਚ ਸਕਾਲਰ ਵੀ ਕਾਲਜ ਲਾਇਬ੍ਰੇਰੀ ਦੀ ਵਰਤੋਂ ਕਰਨ ਲਈ ਆਉਂਦੇ ਹਨ।

**ਕੈਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ-**

(1) ਬੀ.ਸੀ.ਏ ਭਾਗ ਤੀਜਾ ਦੇ 35 ਵਿਦਿਆਰਥੀਆਂ ਦੀ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਫਰੀਦਕੋਟ ਵਿਖੇ 16 ਸਤੰਬਰ 2022 ਨੂੰ ਵਿਜ਼ਿਟ ਕਰਵਾਈ ਗਈ।

(2) 20 ਅਕਤੂਬਰ 2022 ਨੂੰ ਬੀ.ਐਸ.ਸੀ.ਮੈਡੀਕਲ ਭਾਗ ਤੀਜਾ ਦੇ 33 ਵਿਦਿਆਰਥੀਆਂ ਦੀ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਫਰੀਦਕੋਟ ਵਿਖੇ ਵਿਜ਼ਿਟ ਕਰਵਾਈ ਗਈ।

(3) 04 ਨਵੰਬਰ 2022 ਨੂੰ ਜ਼ਿਲ੍ਹਾ ਰੋਜਗਾਰ ਜਨਰੇਸ਼ਨ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਮੁਫਤ Pre -diagnostic IELTS Test ਲਿਆ ਗਿਆ ਜਿਸ ਵਿੱਚ 18 ਵਿਦਿਆਰਥੀਆਂ ਨੇ ਭਾਗ ਲਿਆ।

(4) 11 ਨਵੰਬਰ 2022 ਨੂੰ ਕਾਲਜ ਵਿੱਚ JIO Smart Sales Training ਪ੍ਰੋਗਰਾਮ ਆਯੋਜਿਤ ਕਰਵਾਇਆ।

(5) 09 ਮਾਰਚ 2023 ਨੂੰ ਪੰਜਾਬ ਸਰਕਾਰ ਤੋਂ ਪ੍ਰਾਪਤ ਵਿੱਤੀ ਸਹਾਇਤਾ ਅਧੀਨ ਰੋਜਗਾਰ ਵਿਭਾਗ ਦੇ ਆਨਲਾਈਨ ਪੋਰਟਲ ਤੇ ਵਿਦਿਆਰਥੀਆਂ ਦੀ ਇੱਕ ਰੋਜ਼ਾ ਆਨਲਾਈਨ ਵਰਕਸ਼ਾਪ ਲਗਾਈ ਗਈ ਅਤੇ ਸਕਿੱਲ ਡਿਵੈਲਪਮੈਂਟ ਮਿਸ਼ਨ ਬਾਰੇ ਸੈਮੀਨਾਰ ਆਯੋਜਿਤ ਕੀਤਾ ਗਿਆ।

(6) MGNCRE ਨਵੀਂ ਦਿੱਲੀ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ 10 ਮਾਰਚ 2023 ਨੂੰ ਕਾਲਜ ਵਿੱਚ ਕੈਂਪਸ ਬਾਜ਼ਾਰ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਉਤਪਾਦ ਵੇਚੇ ਗਏ। ਇਸ ਦਾ ਉਦਘਾਟਨ S.S.P. Faridkot ਸ਼੍ਰੀ. ਹਰਜੀਤ ਸਿੰਘ ਜੀ ਨੇ ਕੀਤਾ।

(7) Mahatma Gandhi National Council of Rural Education Internships ਤਹਿਤ Measurement criterion of rural tourism ਵਿਸ਼ੇ ਤੇ ਵਿਦਿਆਰਥੀਆਂ ਨੂੰ ਇੱਕ ਵੀਡੀਉ ਬਣਾਉਣ ਦੀ ਹਦਾਇਤ ਦਿੱਤੀ ਗਈ। ਇਸ ਵਿੱਚ ਕਾਲਜ ਦੇ 4 ਵਿਦਿਆਰਥੀਆਂ ਨੇ "ਹਰੀਕੇ ਵੈਟਲੈਂਡ Bird Sanctuary: A Case Study" ਤੇ ਵੀਡੀਉ ਬਣਾਈ ਅਤੇ ਇਸ ਤੇ ਕਾਲਜ ਨੂੰ Appreciation Certificate ਦਿੱਤਾ ਗਿਆ। ਇਹ Appreciation Certificate North India ਦੇ ਕੇਵਲ 15 ਕਾਲਜਾਂ ਨੂੰ ਦਿੱਤਾ ਗਿਆ।

(8) ਵਿਭਾਗ ਵੱਲੋਂ ਵਿਦਿਆਰਥੀਆਂ ਦਾ ਇੱਕ ਵਿਦਿਅਕ ਟੂਰ 10 ਮਾਰਚ 2023 ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਲਿਜਾਇਆ ਗਿਆ।

(9) ਕਾਲਜ ਦੇ ਕੈਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈਲ ਵੱਲੋਂ 15 ਮਾਰਚ 2023 ਨੂੰ How to face an interview ਵਿਸ਼ੇ 'ਤੇ ਸੈਮੀਨਾਰ ਕਰਵਾਇਆ।

**ਪੀ.ਟੀ.ਏ.-**

ਕਾਲਜ ਵਿੱਚ ਮਾਪਿਆਂ ਅਤੇ ਅਧਿਆਪਕਾਂ ਦੀ ਸੰਸਥਾ ਪੀ.ਟੀ.ਏ. ਫੰਡ ਬੜਾ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਸੰਸਥਾ ਦੇ ਸ੍ਰੀ ਅਮਿਤ ਜੈਨ (ਸੀਨੀਅਰ ਮੀਤ ਪ੍ਰਧਾਨ) ਹਨ ਅਤੇ ਸ਼ਹਿਰ ਦੀਆਂ ਕਈ ਸਨਮਾਨਯੋਗ ਹਸਤੀਆਂ ਅਤੇ ਵਿਦਿਆਰਥੀਆਂ ਦੇ ਮਾਪੇ ਇਸਦੇ ਐਗਜ਼ੈਕਟਿਵ ਮੈਂਬਰ ਹਨ। ਇਸ ਸੰਸਥਾ ਦਾ ਕਾਲਜ ਦੀਆਂ ਵਿਕਾਸਮਈ ਯੋਜਨਾਵਾਂ ਅਤੇ ਮਹੱਤਵਪੂਰਨ ਫ਼ੈਸਲੇ ਲੈਣ ਵਿੱਚ ਭਰਪੂਰ ਸਾਥ ਰਿਹਾ ਹੈ।

**ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ-**

ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਫ਼ਰੀਦਕੋਟ ਵੱਲੋਂ ਚਲਾਈ ਮੁਹਿੰਮ ਤਹਿਤ ਕਾਲਜ ਵਿਖੇ "ਬ੍ਰਿਜਿੰਦਰ ਲੀਗਲ ਲਿਟਰੇਸੀ ਕਲੱਬ" ਕਾਰਜਸ਼ੀਲ ਹੈ। ਇਸ ਕਲੱਬ ਵਿੱਚ 100 ਲੜਕੇ ਅਤੇ ਲੜਕੀਆਂ ਮੈਂਬਰ ਬਣੇ ਹੋਏ ਹਨ ਜਿਹਨਾਂ ਦੇ ਕੋਆਰਡੀਨੇਟਰ ਡਾ. ਨਰਿੰਦਰਜੀਤ ਸਿੰਘ ਬਰਾੜ, ਇੰਚਾਰਜ ਪ੍ਰੋ. ਜੋਤਮਨਿੰਦਰ ਸਿੰਘ ਅਤੇ ਡਾ. ਹਰਪ੍ਰੀਤ ਸਿੰਘ ਹਨ। ਸੀ.ਜੇ.ਐਮ.-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਵੱਲੋਂ ਕਾਲਜ ਕੈਂਪਸ ਵਿੱਚ 9 ਮਾਰਚ 2023 ਨੂੰ ਔਰਤ ਦਿਵਸ ਨੂੰ ਸਮਰਪਿਤ 'ਔਰਤ ਦੇ ਕਾਨੂੰਨੀ ਹੱਕ' ਵਿਸ਼ੇ 'ਤੇ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਮਾਣਯੋਗ ਸ. ਅਜੀਤਪਾਲ ਸਿੰਘ (ਸੀ.ਜੇ.ਐਮ.-ਕਮ- ਸਕੱਤਰ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ) ਦੁਆਰਾ ਔਰਤਾਂ ਦੀ ਭਲਾਈ ਸੰਬੰਧੀ ਸਕੀਮਾਂ/ਕਾਨੂੰਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

**ਰੈੱਡ ਰਿਬਨ ਕਲੱਬ-**

ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਅਤੇ ਯੁਵਕ ਸੇਵਾਵਾਂ ਵਿਭਾਗ ਜਿਲ੍ਹਾ ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕਾਲਜ ਦੇ ਪ੍ਰਿੰਸੀਪਲ ਦੀ ਅਗਵਾਈ ਅਧੀਨ ਕਾਲਜ ਵਿੱਚ ਰੈੱਡ ਰਿਬਨ ਕਲੱਬ ਕਾਰਜ਼ਸ਼ੀਲ ਹੈ। ਜਿਸ ਦੇ 200 ਪੀਅਰ ਐਜੂਕੇਟਰ ਲੜਕੇ ਅਤੇ ਲੜਕੀਆਂ ਮੈਂਬਰ ਹਨ।

ਕਲੱਬ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਬਾਬਾ ਫਰੀਦ ਜੀ ਦੇ ਆਗਮਨ ਪੁਰਬ ਤੇ 19 ਸਤੰਬਰ 2022 ਨੂੰ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਵਿਭਾਗ ਵੱਲੋਂ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 75 ਯੂਨਿਟ ਖੂਨ ਦਾਨ ਕੀਤਾ ਗਿਆ।

**ਡਿਜਾਸਟਰ ਮੈਨੇਜਮੈਂਟ ਕਲੱਬ-**

ਕਾਲਜ ਵਿੱਚ ਸਥਾਪਿਤ ਡਿਜਾਸਟਰ ਮੈਨੇਜਮੈਂਟ ਕਲੱਬ ਦਾ ਮੁੱਖ ਮਨੋਰਥ ਵਿਦਿਆਰਥੀਆਂ ਨੂੰ ਕੁਦਰਤੀ ਆਫ਼ਤਾਂ ਜਾਂ ਡਿਜਾਸਟਰ ਸਬੰਧੀ ਜਿਵੇਂ ਭੂਚਾਲ, ਤੂਫ਼ਾਨ, ਸੁਨਾਮੀ, ਅਚਾਨਕ ਹਫੜਾ-ਦਫੜੀ ਸਮੇਂ ਸਾਡੀ ਸਭਨਾਂ ਦੀ ਬਤੌਰ ਚੰਗੇ ਨਾਗਰਿਕ ਕੀ-ਕੀ ਜ਼ਿੰਮੇਵਾਰੀ ਬਣਦੀ ਹੈ ਜਾਂ ਸਾਡਾ ਕੀ ਰੋਲ ਬਣਦਾ ਹੈ, ਸੰਬੰਧੀ ਸਮੇਂ-ਸਮੇਂ 'ਤੇ ਸੈਮੀਨਾਰ ਆਯੋਜਿਤ ਕਰਕੇ ਸਭਨਾਂ ਨੂੰ ਜਾਗਰੂਕ ਅਤੇ ਉਤਸ਼ਾਹਿਤ ਕਰਨਾ ਹੈ।

**ਯੂਥ ਰੈਡ ਕਰਾਸ ਯੂਨਿਟ-**

ਕਾਲਜ ਵਿੱਚ ਰੈੱਡ ਕਰਾਸ ਅਧੀਨ ਲੜਕੇ ਅਤੇ ਲੜਕੀਆਂ ਦਾ ਇੱਕ-ਇੱਕ ਯੂਨਿਟ ਚੱਲ ਰਿਹਾ ਹੈ। ਦੋਨਾਂ ਯੂਨਿਟਾਂ ਵਿੱਚ ਲਗਭਗ 50-50 ਵਲੰਟੀਅਰ ਹਨ। ਯੂਥ ਰੈੱਡ ਕਰਾਸ ਦੇ ਕਨਵੀਨਰ ਵਜੋਂ ਪ੍ਰੋ. (ਡਾ.) ਗਗਨਦੀਪ ਕੌਰ ਅਤੇ ਸਹਾਇਕ ਪ੍ਰੋਗਰਾਮ ਅਫ਼ਸਰ ਵਜੋਂ ਪ੍ਰੋ. ਕਿਰਨ ਬਾਲਾ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਆਰਤੀ ਰਾਣੀ ਕੰਮ ਕਰ ਰਹੇ ਹਨ।

(1) 19 ਸਤੰਬਰ 2022 ਨੂੰ ਵਿਭਾਗ ਵੱਲੋਂ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੇ ਮੌਕੇ ਤੇ ਖੂਨਦਾਨ ਕੈਂਪ ਅਤੇ First Aid Counter ਲਗਾਇਆ ਗਿਆ।

(2) ਮਿਤੀ 23 ਤੇ 24 ਨਵੰਬਰ 2022 ਨੂੰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਭਾਈ ਘਨੱਈਆ ਜੀ ਦੀ ਯਾਦ ਵਿੱਚ ਯੂਥ ਰੈੱਡ ਕਰਾਸ ਦਿਵਸ ਦੌਰਾਨ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ ਤੇ ਫਸਟ ਏਡ ਡੈਮੋ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ।

(3) ਕਾਲਜ ਦੇ ਵੱਖ ਵੱਖ ਵਿਭਾਗਾਂ ਦੇ 15 ਵਿਦਿਆਰਥੀ " ਭਾਈ ਘਨੱਈਆ ਯੂਥ ਵਲੰਟੀਅਰਜ਼ ਬ੍ਰਿਗੇਡ" ਲਈ ਰਜਿਸਟਰ ਕੀਤੇ ਗਏ। ਜਿਸ ਦਾ ਮੰਤਵ ਕਿਸੇ ਵੀ ਕੁਦਰਤੀ ਜਾਂ ਗੈਰ ਕੁਦਰਤੀ ਆਫਤ ਸਮੇਂ ਪੀੜਤਾਂ ਨੂੰ ਹਰ ਸੰਭਵ ਮਦਦ ਕਰਨਾ ਹੈ।

**ਪੰਜਾਬੀ ਭਾਸ਼ਾ ਮੰਚ-**

(1) ਕਾਲਜ ਦੇ ਪੰਜਾਬੀ ਭਾਸ਼ਾ ਮੰਚ ਵਿੱਚ ਵਿਦਿਆਰਥੀਆਂ ਦੀ ਇੱਕ ਸਾਹਿਤਕ ਕਮੇਟੀ ਬਣੀ ਹੋਈ ਹੈ। ਇਸ ਮੰਚ ਵਿੱਚ ਵਿਦਿਆਰਥੀ ਸਾਹਿਤਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਹ ਮੰਚ ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਉਭਾਰਨ ਲਈ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ।ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰ ਤੇ ਰਾਜ ਪੱਧਰ ਤੇ ਕਰਵਾਏ ਗਏ ਮੁਕਾਬਲਿਆਂ ਵਿੱਚ ਜਗਸੀਰ ਸਿੰਘ ਬਰਾੜ ਨੇ ਜ਼ਿਲ੍ਹਾ ਪੱਧਰ ਤੇ ਪਹਿਲਾ ਸਥਾਨ ਅਤੇ ਹਰਿੰਦਰ ਸਿੰਘ ਨੇ ਜ਼ਿਲ੍ਹਾ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਕੀਤਾ।

(2) ਪੰਜਾਬੀ ਭਾਸ਼ਾ ਮੰਚ ਵੱਲੋਂ 09 ਨਵੰਬਰ 2022 ਨੂੰ ਰਾਜ ਪੱਧਰੀ ਸਾਹਿਤਕ ਕੁਇਜ਼ ਮੁਕਾਬਲੇ ਵਿੱਚ ਜਗਸੀਰ ਸਿੰਘ ਬਰਾੜ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

(3) 21 ਫਰਵਰੀ 2023 ਨੂੰ ਭਾਸ਼ਾ ਮੰਚ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦੇ ਮਹੱਤਵ ਨਾਲ ਸੰਬੰਧਿਤ ਕਵਿਤਾਵਾਂ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।

**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ-**

ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਫ਼ਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ) ਦਾ ਇੱਕ ਯੂਨਿਟ ਕਾਰਜਸ਼ੀਲ ਹੈ ਜਿਸਦੇ ਕਨਵੀਨਰ ਡਾ. ਗਗਨਦੀਪ ਕੌਰ (ਕਮਰਸ)

ਹਨ। ਉਹ ਆਪਣੇ ਟੀਮ ਮੈਂਬਰਾਂ ਦੇ ਸਹਿਯੋਗ ਨਾਲ ਕਾਲਜ ਦੇ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਬਹਾਲੀ ਅਤੇ ਚੰਗੇ ਆਚਰਣ ਵਾਲੇ ਇਨਸਾਨ ਬਣਵਾਉਣ ਲਈ ਭਰਪੂਰ ਕੋਸ਼ਿਸ਼ਾਂ ਕਰ ਰਹੇ ਹਨ।

1. 20 ਨਵੰਬਰ 2022 ਨੂੰ ਵਿਭਾਗ ਵੱਲੋਂ ਸਟੱਡੀ ਸਰਕਲ ਦੇ ਸਹਿਯੋਗ ਨਾਲ 'ਬੇਹੱਤਰੀਨ ਜੀਵਨ-ਜਾਂਚ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਜਿਸ ਦੇ ਡਾ. ਅਵਨਿੰਦਰਪਾਲ ਸਿੰਘ, ਬਲਾਕ ਖੇਤੀਬਾੜੀ ਅਫ਼ਸਰ, ਫ਼ਰੀਦਕੋਟ ਜੀ ਮੁੱਖ ਬੁਲਾਰੇ ਸਨ।
2. 10 ਦਸੰਬਰ 2022 ਨੂੰ ਸਟੱਡੀ ਸਰਕਲ ਦੇ ਜੋਨਲ ਦਫ਼ਤਰ, ਕੋਟਕਪੂਰਾ ਵਿਖੇ ਕਰਵਾਏ ਸਲਾਨਾ ਆਤਮ ਪ੍ਰਬੋਧ ਸਮਾਗਮ ਵਿੱਚ ਡਾ. ਗਗਨਦੀਪ ਕੌਰ ਅਤੇ ਪ੍ਰੋ. ਵਰਿੰਦਰ ਮੱਕੜ ਨੇ ਸ਼ਮੂਲੀਅਤ ਕੀਤੀ ਅਤੇ ਕਾਲਜਾਂ ਵਿਖੇ ਕਰਵਾਉਣ ਵਾਲੀਆਂ ਅਗਲੇ ਸਾਲ ਦੀਆਂ ਗਤੀਵਿਧੀਆਂ 'ਤੇ ਵਿਚਾਰ ਚਰਚਾ ਕੀਤੀ। ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਅਧਿਆਪਕ (ਅਕਾਦਮਿਕ ਕੌਂਸਲ) ਦੇ ਮੈਂਬਰ ਹਨ।
3. ਸਟੱਡੀ ਸਰਕਲ ਤਹਿਤ ਕਾਲਜ ਵਿੱਚ ਮਹੀਨਾਵਾਰ ਕੰਧ ਪੱਤ੍ਰਿਕਾ ਦੀ ਸ਼ੁਰੂਆਤ ਦਸੰਬਰ 2022 ਵਿੱਚ ਕੀਤੀ ਗਈ। ਦਸੰਬਰ 2022 ਦੀ ਕੰਧ ਪੱਤ੍ਰਿਕਾ 'ਚਾਰ ਸਾਹਿਬਜ਼ਾਦਿਆਂ ਜੀ ਦੀ ਸ਼ਹੀਦੀ' ਨੂੰ, ਜਨਵਰੀ 2023 ਦੀ ਕੰਧ ਪੱਤ੍ਰਿਕਾ 'ਗਣਤੰਤਰ ਦਿਵਸ' ਨੂੰ, ਫ਼ਰਵਰੀ 2023 ਦੀ ਕੰਧ ਪੱਤ੍ਰਿਕਾ 'ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ' ਅਤੇ ਮਾਰਚ 2023 ਦੀ ਕੰਧ ਪੱਤ੍ਰਿਕਾ 'ਔਰਤ ਦਿਵਸ' ਨੂੰ ਸਮਰਪਿਤ ਕੀਤੀ ਗਈ। ਕੰਧ ਪੱਤ੍ਰਿਕਾ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਦਾ ਮੌਕਾ ਮਿਲਦਾ ਹੈ।
4. 15 ਫ਼ਰਵਰੀ 2023 ਨੂੰ ਕਾਲਜ ਵਿੱਚ ਨੈਤਿਕ ਸਿੱਖਿਆ ਇਮਤਿਹਾਨ ਕਰਵਾਇਆ ਗਿਆ ਜਿਸ ਵਿੱਚ ਕਾਲਜ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਕਿਉਂਕਿ ਪੂਰੇ ਜੋਨ ਵਿੱਚ ਬ੍ਰਿਜਿੰਦਰਾ ਕਾਲਜ ਦੇ ਸਭ ਤੋਂ ਵਿਦਿਆਰਥੀਆਂ ਨੇ ਨੈਤਿਕ ਸਿੱਖਿਆ ਇਮਤਿਹਾਨ ਦਿੱਤਾ ਜਿਸ ਵਿੱਚ ਬੀ.ਐਸ.ਸੀ. ਮੈਡੀਕਲ ਦੇ ਵਿਦਿਆਰਥੀ ਰਵਨੀਤ ਕੌਰ ਨੇ ਪੂਰੇ ਜੋਨ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਨਗਦ ਇਨਾਮ ਪ੍ਰਾਪਤ ਕਰਦੇ ਹੋਏ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਚਾਰ ਵਿਦਿਆਰਥੀਆਂ ਨਵਨੀਤ ਕੌਰ (ਬੀ.ਐਸ.ਸੀ. ਮੈਡੀਕਲ), ਅਮਨਵੀਰ ਕੌਰ (ਬੀ.ਕਾਮ.-2), ਨਿਮਰਤਾ (ਬੀ.ਏ.) ਅਤੇ ਅਨਮੋਲਪ੍ਰੀਤ ਕੌਰ (ਬੀ.ਐਸ.ਸੀ. ਮੈਡੀਕਲ) ਨੇ ਇਸ ਇਮਤਿਹਾਨ ਵਿੱਚ ਮੈਰਿਟ ਸਥਾਨ ਹਾਸਲ ਕੀਤਾ।
5. 22 ਫ਼ਰਵਰੀ 2023 ਨੂੰ ਅਦੇਸ਼ ਯੂਨੀਵਰਸਿਟੀ ਭੁੱਚੋ ਰੋਡ, ਬਠਿੰਡਾ ਵਿਖੇ ਅੰਤਰ ਕਾਲਜ ਯੁਵਕ ਮੇਲੇ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ 24 ਵਿਦਿਆਰਥੀਆਂ ਨੇ ਭਾਗ ਲਿਆ ਜਿਸ ਵਿੱਚ ਕਾਲਜ ਦੀ ਕੁਇਜ਼ ਟੀਮ- ਰਿੰਕਲ ਪਰਜਾਪਤੀ (ਬੀ.ਕਾਮ.-3) ਅਤੇ ਅਦਿੱਤਿਆ ਮੋਗਲਾ (ਬੀ.ਏ.-3) ਨੇ ਪਹਿਲਾ ਸਥਾਨ, ਦਸਤਾਰ ਮੁਕਾਬਲੇ ਵਿੱਚ ਗੁਰਬੀਰ ਸਿੰਘ (ਐਮ.ਏ.-2 ਸੰਗੀਤ) ਨੇ ਵਿਸ਼ੇਸ਼ ਸਥਾਨ, ਨਾਅਰੇ ਲੇਖਣ ਮੁਕਾਬਲੇ ਵਿੱਚ ਅਰਸ਼ਦੀਪ ਸਿੰਘ (ਬੀ.ਸੀ.ਏ.-2) ਨੇ ਪਹਿਲਾ ਸਥਾਨ, ਧਰਮਪਾਲ (ਐਮ.ਏ. ਪੰਜਾਬੀ) ਨੇ ਕਲੇਅ ਮਾਡਲਿੰਗ ਵਿੱਚ ਵਿਸ਼ੇਸ਼ ਸਥਾਨ ਅਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਸ਼ਸ਼ੀਕਾਂਤਾ (ਬੀ.ਏ.) ਨੇ ਵਿਸ਼ੇਸ਼ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਕਾਲਜ ਦੇ ਪ੍ਰਿੰਸੀਪਲ ਸ੍ਰੀ ਦੀਪਕ ਚੋਪੜਾ ਜੀ, ਸਟੱਡੀ ਸਰਕਲ ਦੇ ਮੈਂਬਰ ਸਾਹਿਬਾਨ, ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਨੂੰ ਜਾਂਦਾ ਹੈ।

**ਕਾਲਜ ਬਿਊਟੀਫ਼ਿਕੇਸ਼ਨ ਵਿਭਾਗ-**

(1) ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮ ਦੇ ਲਗਭਗ 1500 ਬੂਟੇ ਲੱਗੇ ਹਨ ਜੋ ਕਿ ਕਾਲਜ ਕੈਂਪਸ ਨੂੰ ਈਕੋ-ਫਰੈਂਡਲੀ ਬਣਾਉਂਦੇ ਹਨ ਅਤੇ ਸੁੰਦਰ ਦਿੱਖ ਪ੍ਰਦਾਨ ਕਰਦੇ ਹਨ। ਕਾਲਜ ਦੀ ਬਿਊਟੀਫ਼ਿਕੇਸ਼ਨ ਕਮੇਟੀ ਵੱਲੋਂ ਸਮੇਂ-ਸਮੇਂ ਤੇ ਫ਼ਲਦਾਰ ਅਤੇ ਮੌਸਮੀ ਫੁੱਲਾਂ ਦੇ ਬੂਟੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪੁਰਾਣੇ ਦਰੱਖ਼ਤਾਂ ਅਤੇ ਬੂਟਿਆਂ ਦੀ ਸਾਂਭ-ਸੰਭਾਲ ਵੀ ਕੀਤੀ ਜਾਂਦੀ ਹੈ।

(2) ਸਾਲ: 2022-23 ਦੌਰਾਨ ਕਾਲਜ ਬਿਊਟੀਫ਼ਿਕੇਸ਼ਨ ਕਮੇਟੀ ਵੱਲੋਂ 'ਫੁੱਲਾਂ ਨਾਲ ਮਿਲਨੀ' ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਮਾਨਯੋਗ ਸ. ਕੁਲਤਾਰ ਸਿੰਘ ਸੰਧਵਾਂ (ਸਪੀਕਰ, ਪੰਜਾਬ ਵਿਧਾਨ ਸਭਾ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

**ਐਚ.ਈ.ਆਈ.ਐਸ.-**

ਐਚ.ਈ.ਆਈ.ਐਸ. ਕਮੇਟੀ ਵੱਲੋਂ ਬੀ.ਸੀ.ਏ., ਬੀ.ਐਸ.ਸੀ. ਖੇਤੀਬਾੜੀ ਆਨਰਜ਼ (ਭਾਗ ਤੀਜਾ ਅਤੇ ਚੌਥਾ), ਐਮ.ਏ. (ਅੰਗਰੇਜ਼ੀ) ਅਤੇ ਐਮ.ਐਸ.ਸੀ. (ਕਮਿਸਟਰੀ) ਦੀਆਂ ਕਲਾਸਾਂ ਲਈ ਲੋੜੀਂਦਾ ਸਮਾਨ ਅਤੇ ਕਲਾਸਾਂ ਨੂੰ ਸੁਚੱਜੇ ਢੰਗ ਨਾਲ ਪੜ੍ਹਾਉਣ ਲਈ ਅਧਿਆਪਕਾਂ ਦਾ ਪ੍ਰਬੰਧ ਐਚ.ਈ.ਆਈ.ਐਸ. ਫੰਡ ਵਿੱਚੋਂ ਕੀਤਾ ਜਾਂਦਾ ਹੈ।

**ਓਲਡ ਸਟੂਡੈਂਟਸ ਐਸੋਸੀਏਸ਼ਨ-**

ਓਲਡ ਸਟੂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਸ. ਤੇਜਿੰਦਰ ਸਿੰਘ ਮੌੜ (ਏ.ਆਈ.ਜੀ. ਕਰਾਈਮ ਬਠਿੰਡਾ ਜ਼ੋਨ), ਸੀਨੀਅਰ ਵਾਈਸ ਪ੍ਰਧਾਨ ਸ. ਜਤਿੰਦਰਪਾਲ ਸਿੰਘ ਵਹਿਣੀਵਾਲ (ਜ਼ਿਲ੍ਹਾ ਅਤੇ ਸੈਸ਼ਨ ਜੱਜ ਫ਼ਾਜ਼ਿਲਕਾ), ਜਰਨਲ ਸਕੱਤਰ ਪ੍ਰੋਫੈਸਰ ਐਸ.ਐਸ. ਬਾਜਵਾ ਅਤੇ ਖ਼ਜ਼ਾਨਚੀ ਪ੍ਰੋ. (ਡਾ.) ਪਰਮਿੰਦਰ ਸਿੰਘ ਤੋਂ ਇਲਾਵਾ ਹੋਰ ਸਤਿਕਾਰਤ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਕੁੱਲ ਗਿਣਤੀ ਕਰੀਬ 200 ਹੈ। ਓ.ਐਸ.ਏ. ਸਥਾਪਿਤ ਕਰਨ ਦਾ ਮੁੱਖ ਮਕਸਦ ਕਾਲਜ ਦੀ ਹਰ ਪੱਖ ਤੋਂ ਉੱਨਤੀ ਜਾਂ ਤਰੱਕੀ ਵਿੱਚ ਯੋਗਦਾਨ ਪਾਉਣਾ ਹੈ।

ਕਾਲਜ ਕੈਂਪਸ ਵਿੱਚ ਵਿਰਾਸਤ ਮੇਲਾ 2022 ਜੋ ਪੰਜਾਬੀ ਵਿਭਾਗ ਵੱਲੋਂ ਮਨਾਇਆ ਗਿਆ, ਵਿੱਚ ਜੇਤੂ ਪ੍ਰਤੀਯੋਗੀਆਂ ਨੂੰ ਓ.ਐਸ.ਏ. ਵੱਲੋਂ ਮੋਮੈਂਟੋ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਕਾਲਜ ਦੀ ਗਿੱਧੇ ਟੀਮ ਨੂੰ ਓ.ਐਸ.ਏ. ਵੱਲੋਂ ਡਰੈਸ ਬਣਾਉਣ ਲਈ 11000/-ਰੁਪੈ ਅਤੇ ਕਾਲਜ ਦਾ ਸੈਲਫ਼ੀ ਪੁਆਇੰਟ 'ਮੇਰਾ ਪਿਆਰਾ ਬ੍ਰਿਜਿੰਦਰਾ' ਬਣਾਉਣ ਲਈ 11000/-ਰੁਪੈ ਦਿੱਤੇ ਗਏ। ਇਸ ਤੋਂ ਇਲਾਵਾ ਓ.ਐਸ.ਏ. ਵੱਲੋਂ ਹਰ ਸਾਲ ਕਾਲਜ ਦੇ ਸਲਾਨਾ ਖੇਡ ਸਮਾਰੋਹ ਦੇ ਬੈਸਟ ਐਥਲੀਟ ਨੂੰ ਟ੍ਰੈਕ ਸੂਟ ਦਿੱਤਾ ਜਾਂਦਾ ਹੈ।

**ਬੱਡੀ/ਮੈਂਟਰ ਗਰੁੱਪਜ਼-**

ਸਿਹਤਮੰਦ ਮਿਸ਼ਨ ਪੰਜਾਬ ਤਹਿਤ ਕਾਲਜ ਵਿੱਚ 3050 ਵਿਦਿਆਰਥੀਆਂ ਦੇ ਲਗਭਗ 62 ਬੱਡੀ ਗਰੁੱਪ (ਪ੍ਰਤੀ ਗਰੁੱਪ 5 ਵਿਦਿਆਰਥੀ) ਅਤੇ 10 ਗਰੁੱਪਾਂ 'ਤੇ ਇੱਕ ਅਧਿਆਪਕ ਇੰਚਾਰਜ਼ ਨਿਯੁਕਤ ਕੀਤਾ ਗਿਆ ਹੈ। ਹਰ ਹਫ਼ਤੇ ਵਿੱਚ ਇੱਕ ਦਿਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ, ਪਿੰਡਾਂ, ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਦੇ ਜ਼ੇਲ ਵਿਭਾਗ ਵੱਲੋਂ "Punjab Jail Inmates Drug Abuse & Treatment Survey" ਕਰਵਾਇਆ ਗਿਆ ਜਿਸਦੇ ਵਿਭਾਗ ਕਾਲਜ ਦੇ 9 ਵਿਦਿਆਰਥੀਆਂ ਅਤੇ ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ ਵਿਭਾਗ) ਨੇ ਹਿੱਸਾ ਲਿਆ।

**ਹੋਸਟਲ (ਲੜਕੇ)-**

ਕਾਲਜ ਵਿੱਚ ਦੂਰ-ਦੁਰਾਡੇ ਅਤੇ ਬਾਹਰੀ ਰਾਜਾਂ ਤੋਂ ਕੋਰਸਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਲੰਮੇਂ ਸਮੇਂ ਤੋਂ ਹੋਸਟਲ ਦੀ ਸਹੂਲਤ ਦਿੱਤੀ ਜਾਂਦੀ ਹੈ।

**ਰਾਸ਼ਟਰੀਯ ਉੱਚਤਰ ਸ਼ਿਕਸ਼ਾ ਅਭਿਆਨ (RUSA)-**

ਰੂਸਾ ਕੋਆਰਡੀਨੇਟਰ ਪ੍ਰੋ. (ਡਾ.) ਨਿਰਵਰਿੰਦਰ ਕੌਰ ਸੰਧੂ ਦੀ ਦੇਖ-ਰੇਖ ਅਧੀਨ ਰੂਸਾ ਕਮੇਟੀ ਦੇ ਕੁਸ਼ਲ ਅਤੇ ਸੁਚੱਜੇ ਯਤਨਾਂ ਸਦਕਾ ਸੈਸ਼ਨ: 2022-23 ਦੌਰਾਨ ਰੂਸਾ ਪ੍ਰੋਜੈਕਟ ਅਧੀਨ ਰੂਸਾ ਨੂੰ 26 ਮਈ 2022 ਨੂੰ 25,53,895/- ਰੁਪੈ ਅਤੇ 23 ਸਤੰਬਰ 2022 ਨੂੰ 25,29,768/- ਰੁਪੈ ਦੀ ਇਨਫਰਾਸਟਰੱਕਚਰ ਗ੍ਰਾਂਟ ਦਿੱਤੀ ਗਈ। 1 ਜੂਨ 2022 ਨੂੰ 1,25,010/-ਰੁਪੈ ਅਤੇ 23 ਸਤੰਬਰ 2022 ਨੂੰ 18,810/-ਰੁਪੈ ਦੀ ਇਕੁਅਟਿਟੀ ਗ੍ਰਾਂਟ ਵਜੋਂ ਪ੍ਰਾਪਤ ਹੋਏ। ਰਕਮ: 6,90,000/- ਦੀ ਲਾਗਤ ਨਾਲ ਕਾਲਜ ਦੇ ਸਾਈਕਲ ਸਟੈਂਡ ਤੇ ਇੰਟਰਲਾੱਕ ਟਾਈਲਾਂ ਦਾ ਕੰਮ ਮੁਕੰਮਲ ਕੀਤਾ ਗਿਆ। ਇਸ ਤੋਂ ਇਲਾਵਾ ਇਨ੍ਹਾਂ ਗ੍ਰਾਂਟਾਂ ਵਿੱਚ **Led Display Panel, Dual Desk, Visualizer, Laptops, Computers, Printers, Steel Almirah, Audio Podium, Sports Equipments, Computer Tables, UPS, Meeting Tables, Yoga Mats, Vending Machines, Public Place Meeting Chairs, Generator, Internet Connectivity etc** ਦੀ ਖਰੀਦ ਕੀਤੀ ਗਈ। ਰਕਮ: 8,14,138/-ਰੁਪੈ ਦੀ ਲਾਗਤ ਨਾਲ ਰੂਸਾ ਬਲਾਕ ਉਪਰ ਇੱਕ ਹਾਲ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਆਡੀਟੋਰੀਅਮ-ਕਮ- ਮਲਟੀਪਰਪਜ਼ ਹਾਲ ਦਾ ਨਿਰਮਾਣ ਕਰਨ ਲਈ 441.31 ਲੱਖ ਰੁਪਏ ਦੀ ਪ੍ਰਸ਼ਾਸਨਿਕ ਪ੍ਰਵਾਨਗੀ ਦਿੱਤੀ ਗਈ ਹੈ।

ਵਿਦਿਆਰਥੀਆਂ ਵਿੱਚ ਸਕਿੱਲ ਡਿਵੈਲਪਮੈਂਟ ਕਰਨ ਦੇ ਮੰਤਵ ਨਾਲ ਸਰਕਾਰ ਵੱਲੋਂ ਕਾਲਜ ਦੇ ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈਲ ਨੂੰ 3,99,000/-ਰੁਪੈ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਗ੍ਰਾਂਟ ਨਾਲ ਵਿਦਿਆਰਥੀਆਂ ਲਈ ਕਾਨਫਰੰਸ, ਸੈਮੀਨਾਰ ਅਤੇ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ ਹੈ।

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਡਿਜ਼ੀਟਲ ਕਲਾਸ ਰੂਮਜ਼ ਦਾ ਨਿਰਮਾਣ ਕਰਨ ਲਈ 4,68,000/-ਰੁਪੈ ਅਤੇ ਕਾਲਜ ਵਿੱਚ ਇੰਟਰਨੈਟ ਕੈਫੇ ਅਤੇ ਇੰਟਰਨੈਟ ਦੀ ਸੁਵਿਧਾ ਦਾ ਵਿਸਥਾਰ ਕਰਨ ਲਈ ਸਰਕਾਰ ਵੱਲੋਂ 5,85,000/-ਰੁਪੈ ਅਤੇ 1,95,000/-ਰੁਪੈ ਦੀ ਗ੍ਰਾਂਟ ਪ੍ਰਾਪਤ ਹੋਈ।

**National Education Policy:**

ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਦੇ ਸਮੂਹ ਪ੍ਰੋਫੈਸਰ ਸਾਹਿਬਾਨ ਨੇ UGC New Delhi ਵੱਲੋਂ ਆਯੋਜਿਤ 6 ਰੋਜਾ Professional Development Programme "National Education Policy-2020" ਲਗਾਇਆ।

## ਵਿਸ਼ੇਸ਼ ਧੰਨਵਾਦ

1. ਸਾਬਕਾ ਪ੍ਰਿੰਸੀਪਲ ਸ. ਭਗਤ ਸਿੰਘ ਦੇ ਪਰਿਵਾਰ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ 5 ਲੱਖ ਰੁਪਏ ਐਫ.ਡੀ. (2012) ਦਾਨ ਕੀਤੀ ਗਈ।
2. ਸ. ਮਹਿੰਦਰਜੀਤ ਸਿੰਘ ਰੁਮਾਣਾ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ ਇੱਕ ਲੱਖ ਰੁਪਏ ਦੀ ਦੀ ਐਫ.ਡੀ. (2017) ਦਾਨ ਕੀਤੀ ਗਈ।
3. ਡਾ. ਸੁਰਜੀਤ ਸਿੰਘ (ਪ੍ਰਿੰਸੀਪਲ, ਸਰਕਾਰੀ ਰਾਜਿੰਦਰ ਕਾਲਜ ਬਠਿੰਡਾ) ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ ਇੱਕ ਲੱਖ ਰੁਪਏ ਦੀ ਦੀ ਐਫ.ਡੀ. (2022) ਦਾਨ ਕੀਤੀ ਗਈ।
4. ਬ੍ਰਿਜਿੰਦਰਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ ਇੱਕ ਲੱਖ ਰੁਪਏ ਦੀ ਦੀ ਐਫ.ਡੀ. (2022) ਦਾਨ ਕੀਤੀ ਗਈ।
5. ਸ. ਜਤਿੰਦਰ ਸਿੰਘ ਖਾਲਸਾ (ਰਿਟਾ. ਐਸੋ.ਪ੍ਰੋ.) ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ ਇੱਕ ਲੱਖ ਰੁਪਏ ਦੀ ਦੀ ਐਫ.ਡੀ. (2022) ਦਾਨ ਕੀਤੀ ਗਈ।
6. ਸ. ਹਰਬੰਸ ਸਿੰਘ (ਹਾਕੀ ਕੋਚ) ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ 50,000/-ਰੁਪੈ ਰੁਪਏ ਦੀ ਦੀ ਐਫ.ਡੀ. (2022) ਦਾਨ ਕੀਤੀ ਗਈ।
7. ਸ. ਰਣਜੀਤ ਸਿੰਘ (ਵਾਲੀਬਾਲ ਕੋਚ) ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕਾਲਜ ਨੂੰ 50,000/-ਰੁਪੈ ਰੁਪਏ ਦੀ ਦੀ ਐਫ.ਡੀ. (2022) ਦਾਨ ਕੀਤੀ ਗਈ।

ਉਪਰੋਕਤ ਦਾਨ ਕੀਤੀ ਰਾਸ਼ੀ ਦੀ ਐਫ.ਡੀ. ਬਣਵਾ ਦਿੱਤੀ ਗਈ ਹੈ ਜਿਸ ਤੋਂ ਪ੍ਰਾਪਤ ਵਿਆਜ਼ ਦੀ ਰਾਸ਼ੀ ਵਿੱਚੋਂ ਵਿਦਿਆਰਥੀਆਂ ਨੂੰ ਹਰ ਸਾਲ ਵੱਖ-ਵੱਖ ਪ੍ਰੋਗਰਾਮਾਂ ਦੌਰਾਨ ਇਨਾਮ ਤਕਸੀਮ ਕੀਤੇ ਜਾਂਦੇ ਹਨ।

8. ਪ੍ਰਿੰਸੀਪਲ ਡਾ. ਸੁਰਜੀਤ ਸਿੰਘ, ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ, ਪ੍ਰੋ. ਅਮਰਜੀਤ ਸਿੰਘ ਗਿੱਲ (ਰਿਟਾ. ਪ੍ਰੋ.), ਡਾ. ਕੰਵਲਦੀਪ ਸਿੰਘ ਅਤੇ ਓ.ਐਸ.ਏ. ਵੱਲੋਂ ਦਿੱਤੇ ਸਹਿਯੋਗ ਨਾਲ ਕਾਲਜ ਦਾ ਸੈਲਫ਼ੀ ਪੁਆਇੰਟ 'ਮੇਰਾ ਪਿਆਰਾ ਬ੍ਰਿਜਿੰਦਰਾ' ਬਣਾਇਆ ਗਿਆ।
9. ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਅਨਿਲ ਕੁਮਾਰ ਵਰਮਾ ਅਤੇ ਪ੍ਰੋ. ਸੁਧਾ ਰਾਜ (ਸੇਵਾ-ਮੁਕਤ ਐਸੋਸੀਏਟ ਪ੍ਰੋਫੈਸਰ) ਜੀ ਨੇ ਕਾਲਜ ਦੇ ਗੁਰੂ ਨਾਨਕ ਪਾਰਕ ਲਈ ਕੁੱਝ ਗੁਲਾਬ ਦੇ ਬੂਟੇ ਦਾਨ ਕੀਤੇ ਅਤੇ ਕਾਲਜ ਦੇ ਨਾਮ ਵਾਲੇ ਬੋਰਡ ਤਿਆਰ ਕਰਵਾਏ। ਇਸ ਤੋਂ ਇਲਾਵਾ ਕਾਲਜ ਦੇ ਸਲਾਨਾ ਖੇਡ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਮੈਡਲ ਦੇਣ ਲਈ ਸਹਿਯੋਗ ਕੀਤਾ ਗਿਆ।
10. ਪ੍ਰੋ. ਨਵੀਨ ਜੈਨ (ਗਣਿਤ ਵਿਭਾਗ) ਵੱਲੋਂ ਆਪਣੀ ਸੇਵਾ-ਮੁਕਤੀ ਦੀ ਖੁਸ਼ੀ ਵਿੱਚ ਕਾਲਜ ਦੇ ਪ੍ਰਬੰਧਕੀ ਬਲਾਕ ਵਿੱਚ ਏ.ਸੀ. ਦਾਨ ਕੀਤਾ ਗਿਆ।
11. ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਅਤੇ ਸ੍ਰੀ ਅਸ਼ਵਨੀ ਕੁਮਾਰ (ਜੂਨੀਅਰ ਸਹਾਇਕ) ਵੱਲੋਂ ਆਪਣੀ ਸੇਵਾ-ਮੁਕਤੀ ਦੀ ਖੁਸ਼ੀ ਵਿੱਚ ਕਾਲਜ ਦੇ ਪ੍ਰਬੰਧਕੀ ਬਲਾਕ ਵਿੱਚ ਆਰ.ਓ. ਸਿਸਟਮ ਅਤੇ ਡਿਸਪੈਂਸਰ ਲਗਵਾਇਆ ਗਿਆ।